26-NOV-PAGE-1.qxd 11/25/2023 10:54 PM Page 1

ਐਤਵਾਰ, 26 ਨਵੰਬਰ, 2023
11 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 176

# ਨਵਾਂ ਜ਼ਮਾਨਾ

DAILY NAWAN ZAMANA • SUNDAY, 26 NOVEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 10+6=16

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਵੱਡੀਆਂ ਪ੍ਰਾਪਤੀਆਂ ਦੇ ਬਾਵਜੂਦ ਅਜੇ ਅਸੀਂ ਚੁਣੌਤੀਆਂ ਦੇ ਦੌਰ 'ਚ : ਗੋਰੀਆ

**• ਮੋਦੀ ਸਰਕਾਰ ਨੇ ਅਡਾਨੀ ਤੇ ਅੰਬਾਨੀਆਂ ਨਾਲ ਯਾਰੀ ਪੁਗਾਈ : ਬੰਤ ਬਰਾੜ • ਮਜ਼ਦੂਰ ਔਰਤਾਂ ਨੂੰ ਦੋ ਡੰਗ ਵਾਸਤੇ ਚੁੱਲ੍ਹਾ ਤਪਾਉਣਾ ਮੁਸ਼ਕਲ : ਅਰਸ਼ੀ • ਪੰਜਾਬ ਦੀ ਜਵਾਨੀ ਨਿਰਾਸ਼ਾ ਦੇ ਆਲਮ 'ਚ : ਦੇਵੀ ਕੁਮਾਰੀ**

**ਸ਼ਹੀਦ ਕਾਮਰੇਡ ਅਮੋਲਕ ਸਿੰਘ ਨਗਰ ਫਰੀਦਕੋਟ/ਕੋਟਕਪੂਰਾ (ਗਿਆਨ ਸੈਦਪੁਰੀ/ਰਛਪਾਲ ਭੁੱਲਰ)**

'ਖੇਤੀ ਦੇ ਪੂੰਜੀਵਾਦੀ ਵਿਕਾਸ ਕਾਰਨ ਖੇਤ ਮਜਦੂਰ ਕੰਮ ਤੋਂ ਵਿਹਲੇ ਹੋ ਚੁੱਕੇ ਹਨ ਜਾਂ ਹੋ ਰਹੇ ਹਨ। ਇਸ ਕਾਰਨ ਪੇਂਡੂ ਖੇਤਰ ਵਿੱਚ ਬੇਚੈਨੀ ਦਾ ਆਲਮ ਹੈ। ਅਜਿਹੇ ਹਾਲਾਤ ਵਿੱਚ ਸਰਕਾਰਾਂ ਦੀ ਜੋ ਜੁੰਮੇਵਾਰੀ ਹੁੰਦੀ ਹੈ, ਉਹ ਕੋਈ ਵੀ ਸਰਕਾਰ ਨਿਭਾਅ ਨਹੀਂ ਰਹੀ। ਸੋ ਸਮਾਜ ਦੇ ਇਸ ਮਜਦੂਰ ਤਬਕੇ ਨੂੰ ਇੱਕ ਵਿਸ਼ਾਲ ਮੰਚ 'ਤੇ ਇਕੱਠੇ ਹੋ ਕੇ ਸੰਘਰਸ਼ਾਂ ਦਾ ਪਿੜ ਮੱਲਣ ਦੀ ਸਖਤ ਜਰੂਰਤ ਹੈ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਸ਼ਨੀਵਾਰ ਨੂੰ ਪੰਜਾਬ ਖੇਤ ਮਜਦੂਰ ਸਭਾ ਦੇ 33ਵੇਂ ਇਜਲਾਸ ਤੋਂ ਪਹਿਲਾਂ ਹੋਈ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਭਾਰਤੀ ਖੇਤ ਮਜਦੂਰ ਯੂਨੀਅਨ ਦੇ ਕੌਮੀ ਸਕੱਤਰ ਕਾਮਰੇਡ ਗੁਲਜਾਰ ਸਿੰਘ ਗੋਰੀਆ ਨੇ ਕੀਤਾ। ਉਨ੍ਹਾਂ ਕਿਹਾ ਕਿ ਇਸ ਬੇਚੈਨੀ ਦੇ ਆਲਮ ਵਿੱਚ ਮਜਦੂਰ ਮਰਦ ਤਾਂ ਖੁਦਕੁਸ਼ੀਆਂ ਕਰ ਹੀ ਰਹੇ ਹਨ ਸਗੋਂ ਮਜ਼ਦੂਰ ਮਾਵਾਂ ਤੇ ਭੈਣਾਂ ਵੀ ਇਸ ਰਾਹ ਪੈਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਵੱਡੇ ਕੱਦ ਦੇ ਮਜਦੂਰ ਆਗੂਆਂ ਵੱਲੋਂ 1954 'ਚ ਬਣਾਈ ਪੰਜਾਬ ਖੇਤ ਮਜਦੂਰ ਸਭਾ ਨੇ ਸ਼ਾਨਦਾਰ ਸੰਘਰਸ਼ਾਂ ਨਾਲ ਗਿਣਨਯੋਗ ਪ੍ਰਾਪਤੀਆਂ ਕੀਤੀਆਂ ਹਨ ਅਤੇ ਇਹ ਜਥੇਬੰਦੀ ਮਜ਼ਦੂਰ ਵਰਗ ਵਿੱਚ ਵੱਡੀ ਧਿਰ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਕਾਮਰੇਡ ਗੋਰੀਆ ਨੇ ਕਿਹਾ ਕਿ ਵੱਡੀਆਂ ਪ੍ਰਾਪਤੀਆਂ ਦੇ ਬਾਵਜੂਦ ਅਜੇ ਅਸੀਂ ਚੁਣੌਤੀਆਂ ਦੇ ਦੌਰ ਵਿੱਚ ਹਾਂ।

ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਓਦੋਂ ਤੋਂ ਮਜ਼ਦੂਰ ਵਰਗ ਹੋਰ ਤੰਗ ਹੈ। ਆਰਥਿਕ ਪੱਖ ਤੋਂ ਬਿਨਾਂ ਸਮਾਜਕ ਵਿਤਕਰਾ ਤੇ ਅੱਤਿਆਚਾਰਾਂ ਵਿੱਚ ਵਾਧਾ ਹੋਇਆ ਹੈ। ਕੰਮ ਦੇ ਸਾਰੇ ਵਸੀਲੇ ਖਤਮ ਹੋਣ ਦੇ ਦੌਰ ਵਿੱਚ ਕਮਿਊਨਿਸਟ ਪਾਰਟੀਆਂ ਤੇ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ ਨਾਲ ਮਨਰੇਗਾ ਸਕੀਮ ਹੋਂਦ ਵਿੱਚ ਆਈ ਸੀ। ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਮਨਰੇਗਾ ਸਕੀਮ ਕਮਜ਼ੋਰ ਹੋ ਰਹੀ ਹੈ। ਇਸ ਸਕੀਮ ਨਾਲ ਮਜਦੂਰ ਵਰਗ ਨੇ ਕੁਝ ਰਾਹਤ ਮਹਿਸੂਸ ਕੀਤੀ ਸੀ ਪਰ ਇਸ ਸਕੀਮ ਦਾ ਬੱਜਟ ਹਰ ਸਾਲ ਘਟਾ ਦਿੱਤਾ ਜਾਂਦਾ ਹੈ।

ਰੈਲੀ ਨੂੰ ਸੰਬੋਧਨ ਕਰਦੇ ਹੋਏ ਗੁਲਜ਼ਾਰ ਗੋਰੀਆ, ਬੰਤ ਬਰਾੜ, ਹਰਦੇਵ ਅਰਸ਼ੀ ਤੇ ਦੇਵੀ ਕੁਮਾਰੀ (ਹੇਠਾਂ) ਮਜ਼ਦੂਰਾਂ ਦਾ ਠਾਠਾਂ ਮਾਰਦਾ ਇਕੱਠ।

ਪੰਜਾਬ ਸਰਕਾਰ ਦੀ ਗੱਲ ਕਰਦਿਆਂ ਕਾਮਰੇਡ ਗੋਰੀਆ ਨੇ ਕਿਹਾ ਕਿ ਮਜ਼ਦੂਰ ਵਰਗ ਦੇ ਬੁਨਿਆਦੀ ਸਵਾਲਾਂ ਤੋਂ ਵੀ ਇਹ ਸਰਕਾਰ ਬੇਮੁੱਖ ਹੈ। ਸੋ ਮਜ਼ਦੂਰ ਵਰਗ ਦੀ ਹੋਣੀ ਬਦਲਣ ਲਈ ਬੱਝਵੇਂ ਸੰਘਰਸ਼ਾਂ ਦੀ ਲੋੜ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਨੇ 15 ਲੱਖ ਕਰੋੜ ਰੁਪਇਆ ਮੁਆਫ ਕਰਕੇ ਅਡਾਨੀ ਤੇ ਅੰਬਾਨੀਆਂ ਨਾਲ ਯਾਰੀ ਪੁਗਾਈ ਹੈ। ਇੱਥੇ ਹੀ ਬੱਸ ਨਹੀਂ ਤਿੰਨ ਕਾਲੇ ਕਨੂੰਨਾਂ ਰਾਹੀਂ ਪੰਜਾਬ ਦੀ ਉਪਜਾਊ ਜ਼ਮੀਨ ਵੀ ਉਨ੍ਹਾਂ ਦੇ ਹਵਾਲੇ ਕਰਨ ਦੀ ਨਾ-ਪਾਕ ਯੋਜਨਾ ਸੀ, ਜੋ ਇਤਿਹਾਸਕ ਕਿਸਾਨ ਅੰਦੋਲਨ ਨੇ ਸਿਰੇ ਨਹੀਂ ਚੜ੍ਹਨ ਦਿੱਤੀ। ਕਾਮਰੇਡ ਬਰਾੜ ਨੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਤਾਕਤ ਦੀ ਗੱਲ ਕਰਦਿਆਂ ਕਿਹਾ ਕਿ ਦੇਸ਼ ਦੇ 48 ਕਰੋੜ ਮਜਦੂਰਾਂ ਵਿੱਚ 25 ਕਰੋੜ ਦੀ ਗਿਣਤੀ ਖੇਤ ਮਜ਼ਦੂਰਾਂ ਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇੱਕ ਵੱਡੇ ਸਿਆਸੀ ਗੱਠਜੋੜ ਰਾਹੀ 2024 ਵਿੱਚ ਮੋਦੀ ਸਰਕਾਰ ਨੂੰ ਮੂਧੇ ਮੂੰਹ ਕਰ ਦੇਵਾਂਗੇ। ਕਾਮਰੇਡ ਬਰਾੜ ਨੇ ਪੰਜਾਬ ਸਰਕਾਰ ਦੀ ਅੱਤ ਦੀ ਮਾੜੀ ਕਾਰਜਕਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਰਕਾਰ ਡਰਾਮੇਬਾਜੀ ਤੋਂ ਅੱਗੇ ਨਹੀਂ ਵਧ ਸਕੀ। ਆਪਣੀ ਜ਼ੋਰਦਾਰ ਤਕਰੀਰ ਦੇ ਆਖਰ ਵਿੱਚ ਮਜ਼ਦੂਰ ਵਰਗ ਨੂੰ ਆਪਣੀ ਤਾਕਤ ਪਛਾਣ ਕੇ ਤੇ ਸੰਭਾਲ ਕੇ ਸਰਕਾਰਾਂ ਨੂੰ ਸਬਕ ਸਿਖਾਉਣ ਵਲ ਸੇਧਤ ਹੋਣ ਦਾ ਹੋਕਾ ਦਿੱਤਾ। ਸੂਬਾ ਕਾਨਫਰੰਸ ਦੇ ਇੰਚਾਰਜ ਅਤੇ ਸੀ.ਪੀ.ਆਈ. ਦੇ ਕੌਮੀ ਕੌਂਸਲ ਦੇ ਮੈਂਬਰ ਹਰਦੇਵ ਸਿੰਘ ਅਰਸ਼ੀ ਨੇ ਵਿਸ਼ਾਲ ਇਕੱਠ ਤੋਂ ਗਦਗਦ ਹੁੰਦਿਆਂ ਕਿਹਾ ਕਿ ਇਹ ਕਾਨਫਰੰਸ ਅਗਲੇਰੇ ਸੰਘਰਸ਼ਾਂ ਲਈ ਪੜੁੱਲ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਖੇਤੀ ਦੀ ਮਸ਼ੀਨੀ ਯੁੱਗ ਵਿੱਚ ਮਨਰੇਗਾ ਸਕੀਮ ਮਜਦੂਰ ਵਰਗ ਲਈ ਆਸ ਦੀ ਕਿਰਨ ਸੀ, ਪਰ ਮੋਦੀ ਸਰਕਾਰ ਵੱਲੋਂ ਉਸ ਦਾ ਵੀ ਭੋਗ ਪਾਇਆ ਜਾ ਰਿਹਾ ਹੈ। ਉਨ੍ਹਾਂ ਸਰਕਾਰਾਂ ਨੂੰ ਲਾਹਨਤਾਂ ਪਾਉਂਦਿਆਂ ਕਿਹਾ ਕਿ ਮਜ਼ਦੂਰ ਔਰਤਾਂ ਨੂੰ ਦੋ ਡੰਗ ਵਾਸਤੇ ਚੁੱਲਾ ਤਪਾਉਣਾ ਮੁਸ਼ਕਲ ਹੋਇਆ ਪਿਆ ਹੈ। ਕਾਮਰੇਡ ਅਰਸ਼ੀ ਨੇ ਰੈਲੀ ਦੀ ਸਫਲਤਾ ਲਈ ਜ਼ਿਲ੍ਹਾ ਫਰੀਦਕੋਟ ਦੇ ਪਾਰਟੀ ਤੇ ਸਭਾ ਦੇ ਸਾਥੀਆਂ ਨੂੰ ਵਧਾਈ ਦਿੰਦਿਆਂ ਤਸੱਲੀ ਦਾ ਪ੍ਰਗਟਾਵਾ ਕੀਤਾ। ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਾਹਲੀ ਕਲਾਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਵਰਗ ਦੀ ਹਾਲਤ ਬਿਆਨ ਕਰਦਿਆਂ ਸਰਕਾਰਾਂ ਦੀ ਬੇਰੁਖੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨਿਰਾਸਤਾ ਦੇ ਆਲਮ 'ਚ ਹੈ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸਦੀ ਜਾ ਰਹੀ ਹੈ। ਸਰਕਾਰ ਇਸ ਪ੍ਰਤੀ ਪੂਰੀ ਢੀਠਤਾਈ ਅਤੇ ਅਣਗਹਿਲੀ ਵਾਲਾ ਕਿਰਦਾਰ ਨਿਭਾਅ ਰਹੀ ਹੈ। ਪਿੰਡਾਂ ਦੀਆਂ ਸ਼ਾਮਲਾਟਾਂ ਦੀ ਡੰਮੀ ਬੋਲੀ ਕਰਵਾ ਕੇ ਮਜਦੂਰਾਂ ਨੂੰ ਜ਼ਮੀਨ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ। ਕਾਮਰੇਡ ਸਰਹਾਲੀ ਕਲਾਂ ਨੇ ਪੰਜਾਬ ਵਿੱਚ ਅੱਠ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੰਚ ਵੱਲੋਂ ਮਜ਼ਦੂਰ ਵਰਗ ਦੀ ਬਿਹਤਰੀ ਲਈ ਕੀਤੇ ਜਾ ਰਹੇ ਕਾਰਜਾਂ ਦਾ ਵੀ ਵੇਰਵਾ ਦਿੱਤਾ। ਕੇਂਦਰ ਸਰਕਾਰ ਦੇ ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇ-ਪਰਦ ਕਰਦਿਆਂ ਕਾਮਰੇਡ ਸਰਾਹਲੀ ਕਲਾਂ ਨੇ ਨੋਟਬੰਦੀ ਤੋਂ ਲੈ ਕੇ ਜੀ ਐੱਸ ਟੀ ਤੱਕ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਨੇ ਮਜਦੂਰਾਂ ਨੂੰ ਪਿੰਡ ਕਮੇਟੀਆਂ ਬਣਾ ਕੇ ਸੰਘਰਸ਼ ਦੇ ਰਾਹ ਪੈਣ ਦਾ ਸੁਨੇਹਾ ਦਿੱਤਾ। ਰੈਲੀ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੇ ਮੀਤ ਪ੍ਰਧਾਨ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਵੀ ਸੰਬੋਧਨ ਕੀਤਾ। ਕਾਮਰੇਡ ਗੁਰਨਾਮ ਸਿੰਘ ਨੇ ਰੈਲੀ ਵਿੱਚ ਸ਼ਾਮਲ ਹੋਣ ਵਾਲੇ ਸਭ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ।

ਇਸ ਤੋਂ ਪਹਿਲਾਂ ਉੱਘੇ ਲੋਕ ਪੱਖੀ ਗਾਇਕ ਜਗਸੀਰ ਜੀਦਾ ਨੇ ਇਨਕਲਾਬੀ ਸੰਗੀਤ ਦੀ ਛਹਿਬਰ ਲਾਈ। ਕਾਮਰੇਡ ਮੇਜਰ ਸਿੰਘ ਨੇ ਵੀ ਮਜਦੂਰ ਧੀਆਂ ਦੀ ਹਾਲਤ ਬਿਆਨ ਕਰਦਾ ਗੀਤ ਪੇਸ਼ ਕੀਤਾ। ਰੈਲੀ ਦੀ ਪ੍ਰਧਾਨਗੀ ਕਾਮਰੇਡ ਗੁਲਜਾਰ ਸਿੰਘ ਗੋਰੀਆ, ਕਾਮਰੇਡ ਬੰਤ ਸਿੰਘ ਬਰਾੜ, ਕਾਮਰੇਡ ਹਰਦੇਵ ਸਿੰਘ ਅਰਸ਼ੀ, ਕਾਮਰੇਡ ਦੇਵੀ ਕੁਮਾਰੀ ਸਰਾਹਲੀ ਕਲਾਂ, ਕਾਮਰੇਡ ਕ੍ਰਿਸ਼ਨ ਚੌਹਾਨ, ਕਾਮਰੇਡ ਅਸ਼ੋਕ ਕੌਸ਼ਲ, ਕਾਮਰੇਡ ਗੁਰਨਾਮ ਸਿੰਘ, ਕਾਮਰੇਡ ਨਾਨਕ ਚੰਦ ਲੰਬੀ, ਕਾਮਰੇਡ ਪ੍ਰੀਤਮ ਸਿੰਘ ਨਿਆਮਤ ਪੁਰਾ, ਕਾਮਰੇਡ ਤੂੰਬੜ ਭੰਨ, ਨਿਰਮਲ ਸਿੰਘ ਆਦਿ ਦੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਸਟੇਜ ਸਕੱਤਰ ਦੇ ਫਰਜ ਸੀ ਪੀ ਆਈ ਫਰੀਦਕੋਟ ਦੇ ਸਕੱਤਰ ਕਾਮਰੇਡ ਅਸ਼ੋਕ ਕੌਸ਼ਲ ਨੇ ਨਿਭਾਏ।

# ਰਾਜਸਥਾਨ 'ਚ 68 ਫੀਸਦੀ ਤੋਂ ਵੱਧ ਵੋਟਿੰਗ

**ਜੈਪੁਰ (ਰਾਜਸਥਾਨ) :** ਰਾਜਸਥਾਨ ਵਿੱਚ ਸ਼ਨੀਵਾਰ ਨੂੰ ਚੱਲ ਰਹੀਆਂ ਰਾਜ ਵਿਧਾਨ ਸਭਾ ਚੋਣਾਂ ਵਿੱਚ ਸ਼ਾਮ 5 ਵਜੇ ਤੱਕ 68.24 ਪ੍ਰਤੀਸ਼ਤ ਮਤਦਾਨ ਦਰਜ ਕੀਤਾ ਗਿਆ। ਇਹ ਜਾਣਕਾਰੀ ਚੋਣ ਕਮਿਸ਼ਨ ਨੇ ਦਿੱਤੀ ਹੈ। ਚੋਣ ਕਮਿਸ਼ਨ ਅਨੁਸਾਰ ਬਾਗੀਡੋਰਾ ਵਿੱਚ 78.21 ਫੀਸਦੀ ਵੋਟਿੰਗ ਦਰਜ ਕੀਤੀ ਗਈ ਜਦੋਂਕਿ ਰਾਜਧਾਨੀ ਜੈਪੁਰ ਵਿੱਚ 69.22 ਫੀਸਦੀ ਵੋਟਿੰਗ ਹੋਈ। ਜੈਸਲਮੇਰ ਵਿੱਚ 76.57 ਰਿਕਾਰਡ ਕੀਤਾ ਗਿਆ। ਗੰਗਾਨਗਰ ਵਿੱਚ 72.09 ਫੀਸਦੀ ਵੋਟਿੰਗ ਹੋਈ। ਪੋਕਰਨ ਹਲਕੇ ਵਿੱਚ ਸਭ ਤੋਂ ਵੱਧ 81.12 ਫੀਸਦੀ ਵੋਟਿੰਗ ਦਰਜ ਕੀਤੀ ਗਈ। ਇਸ ਤੋਂ ਪਹਿਲਾਂ ਰਾਜਸਥਾਨ ਦੇ 199 ਵਿਧਾਨ ਸਭਾ ਹਲਕਿਆਂ ਲਈ ਦੁਪਹਿਰ 3 ਵਜੇ ਤੱਕ 55.63 ਫੀਸਦੀ ਪੋਲਿੰਗ ਦਰਜ ਕੀਤੀ ਗਈ ਸੀ। ਕਰਨਪੁਰ ਵਿਧਾਨ ਸਭਾ ਹਲਕੇ ਲਈ ਕਾਂਗਰਸ ਉਮੀਦਵਾਰ ਗੁਰਮੀਤ ਸਿੰਘ ਕੂਨਰ ਦੇ ਦੇਹਾਂਤ ਤੋਂ ਬਾਅਦ ਵੋਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਵਿਧਾਨ ਸਭਾ ਹਲਕਿਆਂ ਦੇ ਕੁੱਲ 51,507 ਪੋਲਿੰਗ ਸਟੇਸ਼ਨਾਂ 'ਤੇ ਕੁੱਲ 5,26,90,146 ਵੋਟਰ 183 ਮਹਿਲਾ ਉਮੀਦਵਾਰਾਂ ਸਮੇਤ 1,875 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਝਾਲਾਰਾਪਟਨ ਤੋਂ ਚੋਣ ਲੜ ਰਹੀ ਹੈ। ਪਾਰਟੀ ਦਾ ਹੈਵੀਵੇਟ 2003 ਤੋਂ ਇੱਥੋਂ ਜਿੱਤਦਾ ਆ ਰਿਹਾ ਹੈ। ਸਭ ਤੋਂ ਵੱਧ ਚਰਚਿਤ ਸੀਟਾਂ ਵਿੱਚੋਂ ਟੋਂਕ ਹੈ, ਜਿੱਥੇ ਕਾਂਗਰਸ ਦੇ ਪ੍ਰਮੁੱਖ ਨੇਤਾ ਅਤੇ ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ ਦਾ ਮੁਕਾਬਲਾ ਭਾਜਪਾ ਦੇ ਅਜੀਤ ਸਿੰਘ ਮਹਿਤਾ ਨਾਲ ਹੋਵੇਗਾ। 2018 ਵਿੱਚ, ਪਾਇਲਟ ਨੇ ਭਾਜਪਾ ਦੇ ਯੂਨਸ ਖਾਨ ਨੂੰ 54,179 ਵੋਟਾਂ ਦੇ ਫਰਕ ਨਾਲ ਹਰਾਇਆ। ਇਸ ਤੋਂ ਇਲਾਵਾ ਲਛਮਣਗੜ੍ਹ ਹਲਕੇ ਤੋਂ ਰਾਜਸਥਾਨ ਕਾਂਗਰਸ ਦੇ ਪ੍ਰਧਾਨ ਗੋਵਿੰਦ ਸਿੰਘ ਦੋਤਸਰਾ ਦਾ ਮੁਕਾਬਲਾ ਭਾਜਪਾ ਦੇ ਸੁਭਾਸ਼ ਮਹਿਰੀਆ ਨਾਲ ਹੈ।

ਇਸ ਤੋਂ ਪਹਿਲਾਂ ਮੁੱਖ ਚੋਣ ਅਧਿਕਾਰੀ ਨੇ ਕਿਹਾ ਸੀ ਕਿ ਸ਼ਾਂਤੀਪੂਰਨ ਵੋਟਿੰਗ ਨੂੰ ਯਕੀਨੀ ਬਣਾਉਣ ਲਈ ਕੁੱਲ 1,02,290 ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਕੁੱਲ 69,114 ਪੁਲਸ ਕਰਮਚਾਰੀ, 32,876 ਰਾਜਸਥਾਨ ਹੋਮ ਗਾਰਡ, ਫੋਰੈਸਟ ਗਾਰਡ ਅਤੇ ਆਰ ਏ ਸੀ ਦੇ ਜਵਾਨ ਤਾਇਨਾਤ ਕੀਤੇ ਗਏ ਹਨ ਅਤੇ ਸੀ ਏ ਪੀ ਐਫ ਦੀਆਂ 700 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। 2018 ਵਿੱਚ, ਕਾਂਗਰਸ ਨੇ 99 ਸੀਟਾਂ ਜਿੱਤੀਆਂ, ਜਦੋਂ ਕਿ ਭਾਜਪਾ ਨੇ 73 ਸੀਟਾਂ ਜਿੱਤੀਆਂ। ਅਸ਼ੋਕ ਗਹਿਲੋਤ ਨੇ ਬਸਪਾ ਵਿਧਾਇਕਾਂ ਅਤੇ ਆਜ਼ਾਦ ਉਮੀਦਵਾਰਾਂ ਦੇ ਸਮਰਥਨ ਨਾਲ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਸੀ। ਵੋਟਾਂ ਦੀ ਗਿਣਤੀ 3 ਦਸੰਬਰ ਨੂੰ ਹੋਵੇਗੀ।

# ਇਜ਼ਰਾਇਲੀ ਅਰਬਪਤੀਆਂ ਦੇ ਜਹਾਜ਼ 'ਤੇ ਹਮਲਾ, ਈਰਾਨ 'ਤੇ ਲੱਗਾ ਦੋਸ਼

**ਦੁਬਈ :** ਇਜ਼ਰਾਇਲੀ ਅਰਬਪਤੀ ਦੀ ਮਲਕੀਅਤ ਵਾਲੇ ਕੰਟੇਨਰ ਜਹਾਜ਼ 'ਤੇ ਹਮਲੇ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਹਮਲਾ ਹਿੰਦ ਮਹਾਸਾਗਰ ਵਿੱਚ ਇੱਕ ਸ਼ੱਕੀ ਈਰਾਨੀ ਡਰੋਨ ਦੁਆਰਾ ਕੀਤਾ ਗਿਆ ਸੀ। ਇਕ ਅਮਰੀਕੀ ਰੱਖਿਆ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਰੱਖਿਆ ਅਧਿਕਾਰੀ, ਜਿਸ ਨੇ ਖੁਫੀਆ ਮਾਮਲਿਆਂ 'ਤੇ ਚਰਚਾ ਕਰਨ ਲਈ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਸਮਾਚਾਰ ਏਜੰਸੀ ਦਿ ਐਸੋਸੀਏਟਿਡ ਪ੍ਰੈਸ ਨਾਲ ਗੱਲ ਕੀਤੀ, ਨੇ ਕਿਹਾ ਕਿ ਇਹ ਸੱਕ ਹੈ ਕਿ ਤਿਕੋਣ-ਆਕਾਰ ਦੇ ਬੰਬ ਨੂੰ ਲੈ ਕੇ ਜਾਣ ਵਾਲੇ ਮਾਲਟਾ ਦੇ ਝੰਡੇ ਵਾਲੇ ਜਹਾਜ਼ ਨੂੰ ਅੰਤਰਰਾਸ਼ਟਰੀ ਪਾਣੀਆਂ ਵਿਚ 136 ਡਰੋਨਾਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਡਰੋਨ ਦੇ ਧਮਾਕੇ ਕਾਰਨ ਜਹਾਜ਼ ਨੂੰ ਨੁਕਸਾਨ ਪਹੁੰਚਿਆ ਹੈ। ਹਾਲਾਂਕਿ ਚਾਲਕ ਦਲ ਦਾ ਕੋਈ ਮੈਂਬਰ ਜਖ਼ਮੀ ਨਹੀਂ ਹੋਇਆ। ਅਧਿਕਾਰੀ ਨੇ ਕਿਹਾ ਕਿ ਅਸੀਂ ਸਥਿਤੀ 'ਤੇ ਨੇੜਿਓਂ ਨਜਰ ਰੱਖ ਰਹੇ ਹਾਂ। ਹਾਲਾਂਕਿ, ਉਸਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਅਮਰੀਕੀ ਫੌਜ ਨੇ ਇਸ ਹਮਲੇ ਪਿੱਛੇ ਈਰਾਨ ਦਾ ਹੱਥ ਕਿਉਂ ਮੰਨਿਆ ਹੈ। ਏਪੀ ਦੁਆਰਾ ਵਿਸ਼ਲੇਸ਼ਣ ਡੇਟਾ ਦੇ ਅਨੁਸਾਰ ਮੰਗਲਵਾਰ ਨੂੰ ਦੁਬਈ ਦੇ ਜੇਬਲ ਅਲੀ ਬੰਦਰਗਾਹ ਤੋਂ ਰਵਾਨਾ ਹੋਣ ਵੇਲੇ ਜਹਾਜ਼ ਦਾ ਆਟੋਮੈਟਿਕ ਪਛਾਣ ਪ੍ਰਣਾਲੀ ਟਰੈਕਰ ਬੰਦ ਸੀ। ਸੁਰੱਖਿਆ ਕਾਰਨਾਂ ਕਰਕੇ ਜਹਾਜ਼ਾਂ ਨੂੰ ਲਾਜਮੀ ਤੌਰ 'ਤੇ ਆਪਣੇ ਨੂੰ ਕਿਰਿਆਸ਼ੀਲ ਰੱਖਣਾ ਚਾਹੀਦਾ ਹੈ, ਪਰ ਚਾਲਕ ਦਲ ਉਹਨਾਂ ਨੂੰ ਬੰਦ ਕਰ ਦੇਣਗੇ ਜੇਕਰ ਅਜਿਹਾ ਲੱਗਦਾ ਹੈ ਕਿ ਉਹਨਾਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਈਰਾਨ ਸਮਰਥਿਤ ਹਾਉਤੀ ਬਾਗੀਆਂ ਦੇ ਘਰ

26-Nov-PAGE-2.qxd 11/25/2023 11:01 PM Page 1



# ਦੀਵਾਲੀ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 'ਤੇ ਫਿਰੋਜ਼ਪੁਰ ਤੋਂ ਵਿਸ਼ੇਸ਼ ਸਪਲੀਮੈਂਟ

## ਸੰਦੇਸ਼

ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਫਿਰੋਜ਼ਪੁਰ ਅਤੇ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਫਿਰੋਜ਼ਪੁਰ ਦਾ ਨਵਾਂ ਜ਼ਮਾਨਾ ਵੱਲੋਂ ਸਪਲੀਮੈਂਟ ਕੱਢਣ ਤੇ ਪੱਤਰਕਾਰ ਅਸ਼ੋਕ ਕੁਮਾਰ ਸ਼ਰਮਾ ਨੂੰ ਵਧਾਈ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਭਵਿੱਖ ਵਿਚ ਵੀ ਇਸੇ ਤਰ੍ਹਾਂ ਜਨਤਾ ਦੀ ਸੇਵਾ ਕਰਦੇ ਰਹਿਣਗੇ। ਸ਼ਹਿਰੀ ਵਿਧਾਇਕ ਰਣਬੀਰ ਸਿੰਘ ਭੁੱਲਰ

## ਸੰਦੇਸ਼

ਜ਼ਿਲ੍ਹਾ ਫਿਰੋਜ਼ਪੁਰ ਦੇ ਨਿਵਾਸੀਆਂ ਨੂੰ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਲੱਖ ਲੱਖ ਵਧਾਈ ਅਤੇ ਜ਼ਿਲ੍ਹਾ ਪ੍ਰਸ਼ਾਸਨ ਹਮੇਸ਼ਾ ਲੋਕਾਂ ਦੀ ਸਹਾਇਤਾ ਅਤੇ ਸਹੂਲਤਾਂ ਲਈ ਕੰਮ ਕਰਦਾ ਰਹੇਗਾ। ਨਵਾਂ ਜ਼ਮਾਨਾਂ ਸਪਲੀਮੈਂਟ ਕੱਢਣ ਤੇ ਪੱਤਰਕਾਰ ਅਸ਼ੋਕ ਸ਼ਰਮਾ ਨੂੰ ਬਹੁਤ ਬਹੁਤ ਵਧਾਈ।

ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ

## ਸੰਦੇਸ਼

ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ 'ਤੇ ਪੱਤਰਕਾਰ ਅਸ਼ੋਕ ਸ਼ਰਮਾ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਤੇ ਹਾਰਦਿਕ ਸ਼ੁੱਭਕਾਮਨਾਵਾਂ ਦਿੰਦਾ ਅਤੇ ਪ੍ਰਾਥਨਾ ਕਰਦਾ ਹਾਂ ਕਿ ਸਾਡਾ ਪੰਜਾਬ ਹੋਰ ਤਰੱਕੀ ਅਤੇ ਵਿਕਾਸ ਦੇ ਕੰਮਾਂ ਵਿਚ ਅੱਗੇ ਆਵੇ।

ਹਲਕਾ ਦਿਹਾਤੀ ਵਿਧਾਇਕ ਰਜ਼ਨੀਸ਼ ਦਹੀਆ

## ਸਮਾਜ ਸੇਵਾ, ਸੱਚਾਈ ਤੇ ਨਿਡਰਤਾ ਦੇ ਪ੍ਰੀਤ ਸਨ ਸਵ. ਹਰਬੰਸ ਲਾਲ ਸ਼ਰਮਾ

ਮੈਂ ਗੁਰਪੁਰਬ ਦੇ ਸ਼ੁੱਭ ਮੌਕੇ ਤੇ ਪੰਜਾਬ ਵਾਸੀਆਂ ਅਤੇ ਆਪਣੇ ਸ਼ੁੱਭ ਚਿੰਤਕਾਂ ਨੂੰ ਸਪਲੀਮੈਂਟ ਰਾਹੀਂ ਆਪਣੀ ਵਧਾਈ ਸੰਦੇਸ਼ ਭੇਜਦਿਆਂ ਹੋਇਆ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਸਾਡਾ ਪੰਜਾਬ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰੇ ਅਤੇ ਇਥੋਂ ਦੇ ਵੱਸਣ ਵਾਲਿਆਂ ਦਾ ਜੀਵਨ ਖੁਸ਼ਹਾਲ ਹੋਵੇ। ਮੈਂ ਇਸ ਮੌਕੇ ਫਿਰੋਜ਼ਪੁਰ ਦੇ ਲੋਕਾਂ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ ਤੇ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆ ਕੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰਦਾ ਰਹਾਂਗਾ। ਸਪੋਰਟਸ ਐਸੋਸੀਏਸ਼ਨ ਦਾ ਸਕੱਤਰ ਹੋਣ ਤੇ ਜ਼ਿਲ੍ਹੇ ਦੀ ਸਾਰੀ ਸਪੋਰਟਸ ਨੂੰ ਉਪਰ ਚੁੱਕਣ ਲਈ ਕੋਸ਼ਿਸ਼ ਕਰਦਾ ਰਹਾਂਗਾ। ਮੈਂ ਆਪਣੇ ਪਿਤਾ ਸਵ. ਹਰਬੰਸ ਲਾਲ ਸ਼ਰਮਾ, ਜਿਨ੍ਹਾਂ ਨੇ 25 ਸਾਲ ਤੋਂ ਜ਼ਿਆਦਾ ਪੱਤਰਕਾਰੀ ਦੀ ਸੇਵਾ ਕੀਤੀ, ਮੈਂ ਉਨ੍ਹਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣੀ ਕਲਮ ਦੀ ਤਾਕਤ ਦੇ ਨਾਲ ਲੋਕਾਂ ਦੇ ਬਣਦੇ ਹੱਕ ਦਿਵਾਉਣ ਲਈ ਰਾਤ ਦਿਨ ਮਿਹਨਤ ਕਰਾਂਗਾ।

ਸਵ. ਪੰਡਿਤ ਹਰਬੰਸ ਲਾਲ

## ਧੰਨਵਾਦ

ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਇਸ਼ਤਿਹਾਰ ਦੇਣ ਵਾਲੇ ਸਹਿਯੋਗੀ ਸੱਜਣਾਂ, ਪੰਚਾਇਤਾਂ ਅਤੇ ਨਗਰ ਕੌਂਸਲ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਸ ਸਪਲੀਮੈਂਟ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾ ਕੇ ਇਨ੍ਹਾਂ ਨੂੰ ਕਾਮਯਾਬ ਬਣਾਇਆ। ਮੈਂ ਭਵਿੱਖ ਵਿਚ ਇਸ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਕਰਦਾ ਹਾਂ।

ਪੱਤਰਕਾਰ ਅਸ਼ੋਕ ਸ਼ਰਮਾ ਮੋਬਾ. 8146822544

## ਸੰਦੇਸ਼

ਮੈਂ ਫਿਰੋਜ਼ਪੁਰ ਦੇ ਵਾਸੀਆਂ ਨੂੰ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਲੱਖ ਲੱਖ ਵਧਾਈ ਦਿੰਦਾ ਹਾਂ ਅਤੇ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਜ਼ਿਲ੍ਹਾ ਪੁਲਿਸ ਆਪਣੇ ਭਲਾਈ ਦੇ ਕੰਮ ਕਰਦੀ ਰਹੇਗੀ ਅਤੇ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਅੱਗੇ ਆਵੇਗੀ। ਜ਼ਿਲ੍ਹਾ ਪੁਲਿਸ ਦੀ ਜਾਨ ਮਾਲ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ।

ਜ਼ਿਲ੍ਹਾ ਪੁਲਿਸ ਮੁਖੀ ਦੀਪਕ ਹਿਲੌਰੀ ਆਈਪੀਐੱਸ ਫਿਰੋਜ਼ਪੁਰ

## ਸੰਦੇਸ਼

ਮੈਂ ਦੀਵਾਲੀ ਅਤੇ ਗੁਰਪੁਰਬ ਦੇ ਸ਼ੁੱਭ ਦਿਹਾੜੇ ਤੇ ਪੱਤਰਕਾਰ ਅਸ਼ੋਕ ਸ਼ਰਮਾ ਵੱਲੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ ਤੇ ਹਾਰਦਿਕ ਸ਼ੁੱਭਕਾਮਨਾਵਾਂ ਦਿੰਦਾ ਹਾਂ ਅਤੇ ਪ੍ਰਾਥਨਾ ਕਰਦਾ ਹਾਂ ਕਿ ਸਾਡਾ ਪੰਜਾਬ ਹੋਰ ਤਰੱਕੀ ਅਤੇ ਵਿਕਾਸ ਦੇ ਕੰਮਾਂ ਵਿਚ ਅੱਗੇ ਆਵੇ ਅਤੇ ਲੋਕਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ।

ਡਾ. ਅਨੁਰਿਧ ਗੁਪਤਾ ਸੀਈਓ ਡੀ.ਸੀ. ਐੱਮ ਗਰੁੱਪ ਸਕੂਲ

## ਸਹਿਯੋਗੀ ਸੱਜਣ

ਵਿਜੈ ਬਹਿਲ ਨਾਇਬ ਤਹਿਸੀਲਦਾਰ | ਹਰੀਸ਼ ਗੋਇਲ | ਅਵਤਾਰ ਸਿੰਘ ਜੋਸਨ ਐੱਮ. ਡੀ | ਜਗਦੇਵ ਸਿੰਘ ਧੰਜੂ ਟਰੈਵਲਜ਼ ਫਿਰੋਜ਼ਪੁਰ
ਐਡਵੋਕੇਟ ਲਖਵਿੰਦਰ ਪਾਲ ਸਿੰਘ ਜੋਸਨ | ਸੁਭਾਸ਼ ਚੰਦਰ ਦਿਆਲ ਮੈਡੀਕਲ ਫਿਰੋਜ਼ਪੁਰ ਕੈਂਟ | ਪੂਰਨ ਸਿੰਘ ਸਮਾਜ ਸੇਵਕ ਜ਼ੀਰਾ | ਓਮ ਪ੍ਰਕਾਸ਼ ਨਾਰੰਗ ਅਤੇ ਪੋਤਰਾ ਸ਼ਕਸ਼ਮ
ਡਾ. ਰਾਘਵ ਸ਼ਰਮਾ ਫਿਰੋਜ਼ਪੁਰ ਸ਼ਹਿਰ | ਅਸ਼ੋਕ ਗਰਗ | ਐੱਮ. ਪੀ. ਖੇੜਾ ਪ੍ਰਧਾਨ ਪੈਟਰੋਲੀਅਮ ਐਸੋਸੀਏਸ਼ਨ ਫਿਰੋਜ਼ਪੁਰ | ਅਸ਼ੋਕ ਪਸਰੀਚਾ ਪ੍ਰਧਾਨ ਸਬਜ਼ੀ ਮੰਡੀ ਫਿਰੋਜ਼ਪੁਰ ਸ਼ਹਿਰ


**SHAHEED BHAGAT SINGH COLLEGE OF NURSING**

Approved By INC New Delhi, Affiliated to PNRC Chandigarh, Affiliated to BFUHS Faridkot

Mallanwala-Makhu Road, Ferozepur City. (Pb.)

B. Sc. Nursing II Post Basic B.Sc. Nursing

GNM II ANM II D-Pharmacy (Ayurvedic)

SELF EMPLOYMENT, ELIGIBLE FOR GOVT. & PRIVATE JOBS, APPROVAL FOR ABROAD

**HARMONY**

Ayurvedic Medical College & Hospital

Approved by Punjab Govt. Recoginised by NCISM New Delhi, Affiliated to G.R.A.U. Hoshiarpur (Pb.)

Course Offered : B.A.M.S.

Eligibility : 10+2 (Medical) NEET

Help Line : 97811-28853

BHAKTI BHAJAN GROUP

YouTube Channel: DP LIFE BHAKTI BHAJAN

Help Line : 97811-28849, 97811-28861, 97811-28862





**Guru Nanak Education Socitey(Regd.)Ferozepur Cantt**

Cont:01632-244553, 98762-59760

*Message.*

**Heartiest Congratulations to All the residents of Ferozepur,Teachers, Students, Parents on the occasion of Parkash Purab of Guru Nanak Dev Ji and Happy New Year 2023.**

May God bless all of you with prosperity and good health.

**From : *Guru Nanak Education Society (Registered) Ferozepur Cantt***

**Institutions run by the Society**

- Guru Nanak College Ferozepur Cantt.
- Guru Nanak Law College Sayianwala (Ferozepur)
- Guru Nanak Collegiate Sr Sec School Ferozepur Cantt
- Guru Nanak ITI Ferozepur Cantt

Sr. Gurdeep Singh
President. G.N. College.FZR Cantt

Sr. Asispreet Singh Sayianwala
Vice.Chairman Guru Nanak Edu. Society.

Sr. Ratinder Singh Sayianwala
Chairman Guru Nanak Edu. Socie


**DASS & BROWN WORLD SCHOOL**

AWARDED AS BEST SCHOOL FOR FUTURE-PROOF LEARNING INFRASTRUCTURE IN INDIA

Cambridge Assessment International Education

THE AWARD WINNING SCHOOL !

CERTIFIED MICROSOFT SHOWCASE SCHOOL

FIRST CAMBRIDGE FLAGSHIP SCHOOL IN FEROZEPUR OFFERING INTERNATIONAL CURRICULUM

PRIDE OF FEROZEPUR

GLOBAL VISION | INDIAN ETHOS

88729-33030, 95924-43030

ADMISSIONS OPEN For Nursery to Grade IX & XI

## ਦਫਤਰ ਨਗਰ ਕੌਂਸਲ ਗੁਰੂਹਰਸਹਾਏ (ਫਿਰੋਜ਼ਪੁਰ)

### ਅਪੀਲ

ਸਮੂਹ ਸ਼ਹਿਰ ਵਾਸੀਆਂ ਨੂੰ ਨਗਰ ਕੌਂਸਲ ਗੁਰੂਹਰਸਹਾਏ ਵੱਲੋਂ ਸ਼ਹਿਰ ਨੂੰ ਸਾਫ ਸੁਥਰਾ, ਹਰਿਆ ਭਰਿਆ ਅਤੇ ਸੁੰਦਰ ਬਨਾਉਣ ਲਈ ਹੇਠ ਲਿਖੇ ਅਨੁਸਾਰ ਅਪੀਲ ਕੀਤੀ ਜਾਂਦੀ ਹੈ:-

1. ਆਪਣੇ ਘਰਾਂ/ਦੁਕਾਨਾਂ ਅੰਦਰ 3 ਪ੍ਰਕਾਰ ਦੇ ਡਸਟਬਿਨ (ਗਿੱਲੇ ਕੱਚਰੇ, ਸੁੱਕੇ ਕੱਚਰੇ ਅਤੇ ਡੋਮੇਸਟਿਕ ਹਜ਼ਾਰਡੋਜ਼ ਵੈਸਟ) ਲਈ ਲਗਾਓ।
2. ਆਪਣੇ ਘਰਾਂ/ਦੁਕਾਨਾਂ ਦੇ ਕੱਚਰੇ ਨੂੰ ਸੈਗਰੀਗੇਸ਼ਨ (ਗਿੱਲੇ, ਸੁੱਕੇ) ਰੂਪ ਵਿਚ ਸੰਬੰਧਤ ਵੇਸਟ ਕੁਲੈਕਟਰ ਨੂੰ ਦਿੱਤਾ ਜਾਵੇ, ਕੱਚਰਾ ਨਾ ਦੇਣ ਜਾਂ ਵੱਖਰਾ ਵੱਖਰਾ ਨਾ ਦੇਣ ਦੀ ਸੂਰਤ ਵਿਚ ਜਾਂ ਕੱਚਰੇ ਨੂੰ ਸੜਕਾਂ/ਪਲਾਂਟਾਂ ਵਿਚ ਸੁੱਨਟਣ ਤੇ ਚਲਾਨ/ਜੁਰਮਾਨਾ ਕੀਤਾ ਜਾਵੇਗਾ।
3. ਜੇਕਰ ਕੋਈ ਹਾਊਸ ਹੋਲਡ ਆਪਣੇ ਘਰਾਂ ਦਾ ਕੱਚਰਾ ਪਲਾਸਟਿਕ ਦੇ ਲਿਫਾਫੇ ਵਿਚ ਦਿੰਦਾ ਹੈ ਤਾਂ ਉਸ ਦਾ ਚਲਾਨ/ਜੁਰਮਾਨਾ ਕੀਤਾ ਜਾਵੇਗਾ।
4. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿੰਗਲ ਯੂਜ਼ ਪਲਾਸਟਿਕ ਕੈਰੀ ਬੈਗਜ਼ ਦੀ ਵਿਕਰੀ ਅਤੇ ਵਰਤੋਂ ਕਰਨ ਵਾਲਿਆਂ ਵਿਰੁੱਧ ਚਲਾਨ ਅਤੇ 2000 ਤੋਂ 20000 ਤੱਕ ਦਾ ਜੁਰਮਾਨਾ ਕੀਤਾ ਜਾਵੇਗਾ।
5. ਗੁਰੂਹਰਸਹਾਏ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਦਫਤਰ ਨਗਰ ਕੌਂਸਲ, ਗੁਰੂਹਰਸਹਾਏ ਵਿਖੇ ਈ-ਵੇਸਟ ਕੁਲੈਕਸ਼ਨ ਬਾਕਸ ਲਗਾਇਆ ਗਿਆ ਹੈ। ਜਿਸ ਵਿਚ ਤੁਸੀ ਆਪਣੇ ਘਰਾਂ/ਦੁਕਾਨਾਂ ਦਾ ਈ-ਵੇਸਟ (ਇਲੈਕਟਰੋਨਿਕ ਵੇਸਟ) ਦੇ ਸਕਦੇ ਹੋ।
6. ਗੁਰੂਹਰਸਹਾਏ ਸ਼ਹਿਰ ਵਾਸੀਆਂ ਨੂੰ ਬੇਨਤੀ ਹੈ ਕਿ ਉਹ ਆਪਣੀ ਬਿਲਡਿੰਗ ਦੀ ਉਸਾਰ ਲਈ ਐੱਸ.ਟੀ.ਪੀ. ਤੋਂ ਟਰੀਟੇਡ ਵਾਟਰ ਦੀ ਹੀ ਵਰਤੋਂ ਕੀਤੀ ਜਾਵੇ।

ਪ੍ਰਧਾਨ
ਨਗਰ ਕੌਂਸਲ ਗੁਰੂਹਰਸਹਾਏ

ਕਾਰਜ ਸਾਧਕ ਅਫਸਰ
ਨਗਰ ਕੌਂਸਲ ਗੁਰੂਹਰਸਹਾਏ

## ਦਫਤਰ ਨਗਰ ਕੌਂਸਲ ਜ਼ੀਰਾ (ਫਿਰੋਜ਼ਪੁਰ)

### ਅਪੀਲ

ਸਮੂਹ ਜ਼ੀਰਾ ਨਿਵਾਸੀਆਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਸਵੱਛ ਦੀਵਾਲੀ ਸ਼ੁੱਭ ਦੀਵਾਲੀ ਸੰਬੰਧੀ ਕੰਪੈਨ ਮਿਤੀ 6-11-2023 ਤੋਂ 13-11-2023 ਤੱਕ ਸਵੱਛ ਭਾਰਤ ਅਭਿਆਨ ਤਹਿਤ ਸ਼ਹਿਰ ਜ਼ੀਰਾ ਦੀ ਸਫਾਈ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾ ਕੇ ਸਵੱਛ ਭਾਰਤ ਅਭਿਆਨ ਨੂੰ ਸਫਲ ਬਣਾਓ।

1. ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖੋ।
2. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਗਲੀਆਂ/ਨਾਲੀਆਂ ਵਿਚ ਨਾ ਸੁੱਟੋ।
3. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਰੱਖਣ ਲਈ ਕੂੜੇਦਾਨ ਦਾ ਪ੍ਰਯੋਗ ਕਰੋ।
4. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਨਗਰ ਕੌਂਸਲ ਵੱਲੋਂ ਨਿਰਧਾਰਿਤ ਕੂੜਾ ਚੁੱਕਣ ਵਾਲੇ ਕਰਮਚਾਰੀਆਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਦਿਓ।
5. ਆਪਣੇ ਆਲੇ ਦੁਕਾਲੇ ਕੋਈ ਵੀ ਪਾਣੀ ਜਾਂ ਗੰਦਗੀ ਨੂੰ ਇਕੱਠਾ ਨਾ ਹੋਣ ਦਿਓ।
6. ਪਲਾਸਟਿਕ ਦੇ ਲਿਫਾਫੇ ਅਤੇ ਪਲਾਸਟਿਕ ਤੋਂ ਬਣੇ ਡਿਸਪੋਜਏਬਲ ਸਮਾਨ ਦੀ ਵਰਤੋਂ ਨਾ ਕਰੋ।
7. ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਵੱਛ ਦੀਵਾਲੀ ਸ਼ੁੱਭ ਦੀਵਾਲੀ ਮਨਾਈ ਜਾਵੇ ਅਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ।
8. ਫੁੱਲਾਂ ਵਾਲੀਆਂ ਦੁਕਾਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਉਨ੍ਹਾਂ ਦੇ ਫੁੱਲ ਨਹੀਂ ਵਿਕਦੇ ਜਾਂ ਖਰਾਬ ਹੋ ਜਾਂਦੇ ਹਨ ਉਨ੍ਹਾਂ ਨੂੰ ਇਕ ਬੋਰੀ ਵਿਚ ਪਾ ਕੇ ਨਗਰ ਕੌਂਸਲ ਦੇ ਸਫਾਈ ਮਿੱਤਰਾਂ ਨੂੰ ਦਿੱਤੇ ਜਾਣ।
9. ਨਗਰ ਕੌਂਸਲ ਵੱਲੋਂ ਸ਼ਾਹਵਾਲਾ ਰੋਡ ਤੇ ਮਲਬਾ ਸੁੱਟਣ ਲਈ ਜਗ੍ਹਾ ਦਾ ਪ੍ਰਬੰਧ ਕੀਤਾ ਹੋਇਆ ਹੈ, ਉਸ ਜਗ੍ਹਾ ਤੇ ਮਲਬਾ ਸੁੱਟਣ ਦੀ ਅਪੀਲ ਕੀਤੀ ਜਾਂਦੀ ਹੈ।
10. ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿਚ ਨਗਰ ਕੌਂਸਲ ਨੂੰ ਸਹਿਯੋਗ ਦਿਓ।

ਸਹੀ/-

(ਰਸ਼ਪਾਲ ਸਿੰਘ ਗਿੱਲ)
ਪ੍ਰਧਾਨ
ਨਗਰ ਕੌਂਸਲ ਜ਼ੀਰਾ

(ਧਰਮਪਾਲ ਸਿੰਘ)
ਕਾਰਜ ਸਾਧਕ ਅਫਸਰ
ਨਗਰ ਕੌਂਸਲ ਜ਼ੀਰਾ

## ਦਫਤਰ ਨਗਰ ਪੰਚਾਇਤ ਮੱਲਾਂਵਾਲਾ ਖਾਸ (ਫਿਰੋਜ਼ਪੁਰ)

### ਪੌਲੀਥੀਨ ਹਟਾਓ, ਬਿਮਾਰੀ ਭਜਾਓ

ਪੰਜਾਬ ਸਰਕਾਰ ਦੀਆਂ ਸਖਤ ਹਦਾਇਤਾਂ ਅਨੁਸਾਰ ਪਲਾਸਟਿਕ ਦੇ ਲਿਫਾਫੇ, ਡਿਸਪੋਜਲ ਅਤੇ ਥਰਮੋਕੋਲ ਤੋਂ ਬਣੇ ਸਮਾਨ ਤੇ ਪੂਰਨ ਪਾਬੰਦੀ।

ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਆਪਣਾ ਕੱਪੜੇ ਦਾ ਥੈਲਾ ਜਾਂ ਜੂਟ ਥੈਲਾ ਨਾਲ ਲੈ ਕੇ ਆਓ ਜੀ।

### ਪਲਾਸਟਿਕ ਦਾ ਲਿਫਾਫਾ ਮੰਗ ਕੇ ਸ਼ਰਮਿੰਦਾ ਨਾ ਕਰੋ ਜੀ

ਅਸੀਂ 250 ਗ੍ਰਾਮ ਦਾ ਮੋਬਾਇਲ ਨਾਲ ਰੱਖ ਸਕਦੇ ਹਾਂ ਤਾਂ 100 ਗ੍ਰਾਮ ਦਾ ਥੈਲਾ ਕਿਉਂ ਨਹੀਂ ਰੱਖ ਸਕਦੇ। ਹਰ ਇਕ ਸ਼ਹਿਰ ਵਾਸੀ ਆਪਣੇ ਘਰ ਵਿਚ ਗਿੱਲਾ/ਸੁੱਕਾ ਕੂੜਾ ਅਲੱਗ-ਅਲੱਗ ਕਰੇ ਅਤੇ ਆਪਣਾ ਆਲਾ ਦੁਆਲਾ ਸਾਫ ਰੱਖੇ। ਘਰਾਂ/ਦੁਕਾਨਾਂ ਦੇ ਗਿੱਲੇ/ਸੁੱਕੇ ਕੂੜੇ ਲਈ 2 ਵੱਖ ਵੱਖ ਡਸਟਬਿਨ ਲਗਾਓ। ਇਹ ਤੁਹਾਡਾ ਆਪਣਾ ਸ਼ਹਿਰ ਹੈ ਇਸ ਨੂੰ ਸਾਫ ਰੱਖੋ ਤਾਂ ਜੋ ਬਿਮਾਰੀਆਂ ਤੋਂ ਦੂਰ ਰਹਿ ਸਕੋ।

ਮਨ ਵਿਚ ਇਹ ਸੰਕਲਪ ਧਰੀਏ,
ਨਗਰ ਪੰਚਾਇਤ, ਮੱਲਾਂਵਾਲਾ ਖਾਸ ਨੂੰ ਪ੍ਰਦੂਸ਼ਣ ਰਹਿਤ ਕਰੀਏ

## ਦਫਤਰ ਨਗਰ ਪੰਚਾਇਤ ਮੱਖੂ (ਫਿਰੋਜ਼ਪੁਰ)

### ਅਪੀਲ

ਸਮੂਹ ਮੱਖੂ ਨਿਵਾਸੀਆਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਸਵੱਛ ਦੀਵਾਲੀ ਸ਼ੁੱਭ ਦੀਵਾਲੀ ਅਤੇ ਗੁਰਪੂਰਬ ਕੰਪੈਨ ਮਿਤੀ 6-11-2023 ਤੋਂ 13-11-2023 ਤੱਕ ਸਵੱਛ ਭਾਰਤ ਅਭਿਆਨ ਤਹਿਤ ਸ਼ਹਿਰ ਮੱਖੂ ਦੀ ਸਫਾਈ ਵਿਚ ਆਪਣਾ ਵੱਧ ਤੋਂ ਵੱਧ ਯੋਗਦਾਨ ਪਾ ਕੇ ਸਵੱਛ ਭਾਰਤ ਅਭਿਆਨ ਨੂੰ ਸਫਲ ਬਣਾਓ।

1. ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਵੱਛ ਦੀਵਾਲੀ ਸ਼ੁੱਭ ਦੀਵਾਲੀ ਮਨਾਈ ਜਾਵੇ ਅਤੇ ਸਿੰਗਲ ਯੂਜ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ ਜੀ।
2. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਗਲੀਆਂ, ਨਾਲੀਆਂ ਵਿਚ ਨਾ ਸੁੱਟੋ।
3. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਰੱਖਣ ਲਈ ਕੂੜੇਦਾਨ ਦਾ ਪ੍ਰਯੋਗ ਕਰੋ।
4. ਆਪਣੇ ਘਰਾਂ ਤੇ ਦੁਕਾਨਾਂ ਆਦਿ ਦਾ ਕੂੜਾ ਨਗਰ ਪੰਚਾਇਤ ਮੱਖੂ ਵੱਲੋਂ ਨਿਰਧਾਰਿਤ ਕੂੜਾ ਚੁੱਕਣ ਵਾਲੇ ਕਰਮਚਾਰੀਆਂ ਨੂੰ ਗਿੱਲਾ ਅਤੇ ਸੁੱਕਾ ਖੂੜਾ ਅਲੱਗ ਅਲੱਗ ਦਿਓ।
5. ਆਪਣੇ ਆਲੇ ਦੁਆਲੇ ਕੋਈ ਵੀ ਪਾਣੀ ਜਾਂ ਗੰਦਗੀ ਨੂੰ ਇਕੱਠਾ ਨਾ ਹੋਣ ਦਿਓ।
6. ਨਗਰ ਪੰਚਾਇਤ ਮੱਖੂ ਦੇ ਸਾਰੇ ਦੁਕਾਨਦਾਰ, ਸ਼ਹਿਰ ਨਿਵਾਸੀ ਪਲਾਸਟਿਕ ਦੇ ਲਿਫਾਫੇ ਅਤੇ ਡਿਸਪੋਜਏਬਲ ਸਮਾਨ ਦੀ ਵਰਤੋਂ ਨਾ ਕਰਨ।
7. ਫੁੱਲਾਂ ਵਾਲੀਆਂ ਦੁਕਾਨਾਂ ਨੂੰ ਹਦਾਇਤ ਕੀਤੀ ਜਾ

26-Nov-PAGE-3-Majha-2023.qxd 11/25/2023 11:10 PM Page 1



# ਸ਼੍ਰੋਮਣੀ ਕਮੇਟੀ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਜਥਾ ਪਾਕਿਸਤਾਨ ਲਈ ਰਵਾਨਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਜੈਕਾਰਿਆਂ ਦੀ ਗੂੰਜ ਵਿਚ ਪਾਕਿਸਤਾਨ ਲਈ ਰਵਾਨਾ ਕੀਤਾ ਗਿਆ। ਇਸ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ ਨੂੰ ਸੌਂਪੀ ਗਈ ਹੈ। ਉਨ੍ਹਾਂ ਨਾਲ ਡਿਪਟੀ ਲੀਡਰ ਸ਼੍ਰੋਮਣੀ ਕਮੇਟੀ ਮੈਂਬਰ ਰਣਜੀਤ ਸਿੰਘ, ਜਨਰਲ ਪ੍ਰਬੰਧਕ ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ ਅਤੇ ਇੰਚਾਰਜ ਮਲਕੀਤ ਸਿੰਘ ਬਹਿੜਵਾਲ ਗਏ ਹਨ। ਜਥੇ ਦੀ ਰਵਾਨਗੀ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਬੂਹ ਅਤੇ ਸਕੱਤਰ ਪ੍ਰਤਾਪ ਸਿੰਘ ਸਮੇਤ ਹੋਰ ਅਧਿਕਾਰੀਆਂ ਨੇ ਜਥੇ ਦੇ ਆਗੂਆਂ ਅਤੇ ਸ਼ਰਧਾਲੂਆਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਮਨਾਉਣ ਲਈ ਗਿਆ ਜਥਾ ਪਾਕਿਸਤਾਨ ਸਥਿਤ ਹੋਰਨਾਂ ਇਤਿਹਾਸਕ ਗੁਰ-ਅਸਥਾਨਾਂ ਦੇ ਵੀ ਦਰਸ਼ਨ ਕਰੇਗਾ। 26 ਨਵੰਬਰ ਨੂੰ ਸ਼ਰਧਾਲੂਆਂ ਦਾ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਸ੍ਰੀ ਸੱਚਾ ਸੌਦਾ, ਮੰਡੀ ਚੂਹੜਕਾਨਾ (ਸ਼ੇਖੂਪੁਰਾ) ਵਿਖੇ ਨਤਮਸਤਕ ਹੋਵੇਗਾ। 27 ਨਵੰਬਰ ਨੂੰ ਇਹ ਜਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਹੋਣ ਸਮੇਂ ਪ੍ਰਕਾਸ਼ ਗੁਰਪੁਰਬ ਸਮਾਗਮਾਂ ਵਿਚ ਸ਼ਮੂਲੀਅਤ ਕਰੇਗਾ।

29 ਨਵੰਬਰ ਨੂੰ ਸ਼ਰਧਾਲੂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਲਈ ਜਾਣਗੇ ਅਤੇ 30 ਨਵੰਬਰ ਨੂੰ ਜਥਾ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਪਹੁੰਚੇਗਾ। 2 ਦਸੰਬਰ ਨੂੰ ਸੰਗਤਾਂ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਤੋਂ ਗੁਰਦੁਆਰਾ ਸ੍ਰੀ ਰੋੜੀ ਸਾਹਿਬ ਐਮਨਾਬਾਦ ਅਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਸ਼ਾਮ ਨੂੰ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਵਾਪਸ ਪਰਤੇਗਾ। 3 ਦਸੰਬਰ ਨੂੰ ਇਹ ਜਥਾ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਰੁਕੇਗਾ, ਜਿਥੋਂ 4 ਦਸੰਬਰ ਨੂੰ ਜਥੇ ਦੀ ਭਾਰਤ ਵਾਪਸੀ ਹੋਵੇਗੀ।

# ਨਵ-ਨਿਯੁਕਤ ਜੱਜ ਨਮਿਤਾ ਸ਼ਰਮਾ ਦਾ ਸਕੂਲ ਵੱਲੋਂ ਮਾਣ-ਸਨਮਾਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਵੱਲੋਂ ਜੀਵਨ ਵਿੱਚ ਖਾਸ ਉਪਲਬਧੀ ਕਰਨ ਵਾਲੀ ਸਾਬਕਾ ਵਿਦਿਆਰਥਣ ਲਈ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੌਰਾਨ ਜੱਜ ਵਜੋਂ ਨਿਯੁਕਤ ਨਮਿਤਾ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ। ਇਸੇ ਸਕੂਲ ਦੀ ਸਾਬਕਾ ਵਿਦਿਆਰਥਣ ਸ਼ਰਮਾ ਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਬੈਂਡ ਦੀਆਂ ਮਧੁਰ ਧੁਨਾਂ ਨਾਲ ਆਡੀਟੋਰੀਅਮ ਵਿੱਚ ਲਿਆਂਦਾ ਗਿਆ ਤੇ ਫੁੱਲਾਂ ਦੇ ਗੁਲਦਸਤਿਆਂ ਨਾਲ ਸਵਾਗਤ ਕੀਤਾ ਗਿਆ। ਨਮਿਤਾ ਸ਼ਰਮਾ ਨੂੰ ਮੋਮੈਂਟੋ ਤੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੀਫ ਖਾਲਸਾ ਦੀਵਾਨ ਦੇ ਆਨਰੇਰੀ ਸਕੱਤਰ, ਲੋਕਲ ਕਮੇਟੀ ਦੇ ਪ੍ਰਧਾਨ ਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਅਤੇ ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਨਮਿਤਾ ਸ਼ਰਮਾ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਇਸ ਪ੍ਰਾਪਤੀ ਵੱਲ ਵੇਖ ਕੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਨਾ ਮਿਲੇਗੀ ਤੇ ਉਹ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਲਈ ਹੋਰ ਲਗਨ ਨਾਲ ਪੜ੍ਹਾਈ ਕਰਨਗੇ। ਅੰਤ ਵਿੱਚ ਸਕੂਲ ਪ੍ਰਿੰ. ਸਾਹਿਬਾਨ ਰੰਜੀਤ ਭਾਟੀਆ ਨੇ ਆਏ ਹੋਏ ਸਾਬਕਾ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਜਿਹੇ ਵਿਦਿਆਰਥੀ ਹੀ ਵਿੱਦਿਆ ਦਾ ਚਾਨਣ ਮੁਨਾਰਾ ਤੇ ਹੋਰਨਾਂ ਲਈ ਪ੍ਰੇਰਨਾ ਸਰੋਤ ਹਨ।

# ਪੁਲੀ 'ਤੇ ਲੱਗੀ ਕਮਜ਼ੋਰ ਰੇਲਿੰਗ ਕਾਰਨ ਕਿਸੇ ਵੀ ਸਮੇਂ ਹਾਦਸਾ ਵਾਪਰ ਜਾਣ ਦਾ ਡਰ

ਗੁਰਦਾਸਪੁਰ (ਜਨਕ ਮਹਾਜਨ)-ਬੇਟ ਇਲਾਕੇ ਦੇ ਪਿੰਡ ਗਾਜੀਕੋਟ-ਚੰਦਰਭਾਨ ਵਿਚਕਾਰ ਵਗਦੀ ਡਰੇਨ 'ਤੇ ਬਣੀ ਪੁਲੀ ਉਪਰ ਰੇਲਿੰਗ ਵਾਸਤੇ ਬਣੇ ਵਿਰਲੇ-ਵਿਰਲੇ ਪਿੱਲਰਾਂ ਕਾਰਨ ਰਾਤ ਦੇ ਹਨੇਰੇ ਵਿਚ ਦੋਪਹੀਆ ਵਾਹਨਾਂ ਦਾ ਇਸ ਵਿਚ ਡਿੱਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਲਾਕਾ ਵਾਸੀ ਤਰਸੇਮ ਸਿੰਘ ਚੰਦਰਭਾਨ, ਕਸ਼ਮੀਰ ਸਿੰਘ ਆਦਿ ਨੇ ਦੱਸਿਆ ਕਿ ਇਸ ਡਰੇਨ 'ਤੇ ਬਣੀ ਪੁਲੀ 'ਤੇ ਦੋਵੇਂ ਪਾਸੇ ਪੱਕੀ ਰੇਲਿੰਗ ਬਣਨੀ ਚਾਹੀਦੀ ਹੈ ਤਾਂ ਜੋ ਦੇਰ-ਸਵੇਰ ਕੋਈ ਹਾਦਸਾ ਨਾ ਹੋ ਸਕੇ। ਇਸ ਡਰੇਨ ਤੇ ਪੁਲੀ ਬਣਨ ਨਾਲ ਕਾਫ਼ੀ ਪਿੰਡਾਂ ਦੇ ਲੋਕ ਆਉਂਦੇ ਜਾਂਦੇ ਰਹਿੰਦੇ ਹਨ। ਉਨ੍ਹਾਂ ਦੱਸਿਆ ਪਹਿਲਾਂ ਲੋਕ ਗੁਰਦਾਸਪੁਰ ਤੋਂ ਚੰਦਰਭਾਨ ਜਾਣ ਵਾਸਤੇ ਵਾਇਆ ਪੁਰਾਣਾ ਸ਼ਾਲਾ ਜਾਂ ਤਾਲਿਬਪੁਰ-ਪੰਡੋਰੀ ਰਾਹੀਂ ਆਉਂਦੇ ਜਾਂਦੇ, ਇਸ ਪੁਲੀ ਦੇ ਬਣਨ ਕਾਰਨ ਹੁਣ ਲੋਕ ਗੁਰਦਾਸਪੁਰ ਤੋਂ ਵਾਇਆ ਗਾਜੀਕੋਟ ਤੋਂ ਚੰਦਰਭਾਨ, ਛੀਨਾਬੇਟ, ਰਸੂਲਪੁਰ ਆਦਿ ਅਨੇਕਾਂ ਪਿੰਡਾਂ ਨੂੰ ਆਉਣ ਜਾਣ ਲੱਗ ਪਏ ਹਨ ਜਿਸ ਕਾਰਨ 8-10 ਕਿੱਲੋਮੀਟਰ ਦਾ ਸਫ਼ਰ ਘੱਟ ਗਿਆ ਹੈ। ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਪੁਲੀ ਦੀ ਰੇਲਿੰਗ ਪੱਕੀ ਕੀਤੀ ਜਾਵੇ ।

# ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਸਕੂਲੀ ਬੱਚਿਆਂ ਦੀ ਭਾਸ਼ਣ ਪ੍ਰਤੀਯੋਗਿਤਾ ਕਰਵਾਈ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਵਿਖੇ ਵਿਦਿਆਰਥੀਆਂ ਦੇ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਭਾਸ਼ਣ ਪ੍ਰਤੀਯੋਗਤਾ ਦੇ ਅੰਤਰ ਹਾਊਸ ਕੰਪੀਟੀਸ਼ਨ ਕਰਵਾਏ ਗਏ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਮਾਂ ਬੋਲੀ ਪੰਜਾਬੀ ਤੇ ਭਾਸ਼ਣ ਦਿੱਤੇ ਗਏ। ਮਾਂ ਬੋਲੀ ਪੰਜਾਬੀ ਭਾਸ਼ਣ ਪ੍ਰਤੀਯੋਗਤਾ ਦੌਰਾਨ ਸ਼ਹੀਦ ਊਧਮ ਸਿੰਘ ਹਾਊਸ ਦੀ ਨੌਵੀਂ ਕਲਾਸ ਦੀ ਵਿਦਿਆਰਥਣ ਸੁਖਮਨਪ੍ਰੀਤ ਕੌਰ ਨੇ ਨੌਵੀਂ ਤੋਂ ਬਾਰ੍ਹਵੀਂ ਕਲਾਸ ਦੇ ਸੀਨੀਅਰ ਗਰੁੱਪ ਦੇ ਭਾਸ਼ਣ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਛੇਵੀਂ ਤੋਂ ਅੱਠਵੀਂ ਤੱਕ ਦੇ ਜੂਨੀਅਰ ਗਰੁੱਪ ਦੇ ਭਾਸ਼ਣ ਮੁਕਾਬਲੇ ਵਿੱਚ ਸਹੀਦ ਭਗਤ ਸਿੰਘ ਹਾਊਸ ਦਾ ਸੱਤਵੀਂ ਜਮਾਤ ਦੇ ਵਿਦਿਆਰਥੀ ਰਾਜਬੀਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਸੰਦੀਪ ਸਿੰਘ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਮਾਂ ਬੋਲੀ ਪੰਜਾਬੀ ਦੀ ਮਹੱਤਤਾ ਤੋਂ ਜਾਣੂੰ ਕਰਵਾਇਆ। ਇਸ ਸਮੇਂ ਸਕੂਲ ਲੈਕਚਰਾਰ ਗੁਰਨਾਮ ਸਿੰਘ, ਪੂਨਮ ਸ਼ਰਮਾ, ਅਧਿਆਪਕ ਸਤਨਾਮ ਸਿੰਘ, ਸਤੀਸ਼ ਕੁਮਾਰ, ਆਸ਼ਿਸ਼ ਵਡੇਰਾ, ਬੋਧਰਾਜ, ਗੁਰਪ੍ਰੀਤ ਸਿੰਘ, ਰਮਿੰਦਰ ਸਿੰਘ, ਮੈਡਮ ਰਮਨਦੀਪ, ਆਰਤੀ ਸ਼ਰਮਾ, ਅਮਨਦੀਪ ਕੌਰ, ਗੌਰਵ ਮਹਾਜਨ, ਮਨਵਿੰਦਰ ਸਿੰਘ, ਰਵਿੰਦਰ ਕੌਰ, ਸ਼ੁਭਪਰੀਤ ਕੌਰ, ਅਲਕਾ ਰਾਣੀ ਅਤੇ ਮਨਿੰਦਰ ਸਿੰਘ ਹਾਜ਼ਰ ਸਨ।

# ਅਕਾਲ ਅਕੈਡਮੀ ਤਿੱਬੜ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਅਕਾਲ ਅਕੈਡਮੀ ਤਿੱਬੜ ਵਿਖੇ ਪ੍ਰਿੰਸੀਪਲ ਗੁਰਵਿੰਦਰ ਕੌਰ ਅਤੇ ਸਮੁੱਚੇ ਸਟਾਫ ਵਲੋਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਨਿੱਤਨੇਮ ਦੀਆਂ ਪੰਜ ਬਾਣੀਆਂ ਦੇ ਉਚਾਰਨ ਕੀਤੇ ਗਏ। ਨਿਤਨੇਮ ਤੋਂ ਬਾਅਦ ਪੰਜ ਸ੍ਰੀ ਸਹਿਜ ਪਾਠਾਂ ਦੇ ਸੰਪੂਰਨ ਭੋਗ ਪਾਏ ਗਏ। ਉਪਰੰਤ ਸਮਾਗਮ ਦੌਰਾਨ ਅਕੈਡਮੀ ਦੇ ਵਿਦਿਆਰਥੀ ਜਥੇ ਵਲੋਂ ਗੁਰਬਾਣੀ ਸ਼ਬਦ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਤੋਂ ਇਲਾਵਾ ਬੱਚਿਆਂ ਨੇ ਕਵਿਤਾਵਾਂ, ਭਾਸ਼ਣ, ਕਵੀਸ਼ਰੀ, ਢਾਡੀ ਵਾਰਾਂ ਆਦਿ ਪੇਸ਼ ਕੀਤੀਆਂ। ਸਮਾਗਮ ਦੌਰਾਨ ਨਿਸ਼ਕਾਮ ਕੀਰਤਨੀ ਜਥਾ ਗੁਰਦਾਸਪੁਰ ਦੇ ਮੁਖੀ ਡਾ.ਸ਼ਿਵ ਸਿੰਘ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸਮਾਗਮ ਵਿੱਚ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਡਾਕਟਰ ਸੰਦੀਪ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਬੱਚਿਆਂ ਨੂੰ ਗੁਰਬਾਣੀ ਨਾਲ ਜੁੜ ਕੇ ਉੱਚੀ ਤੇ ਸੁੱਚੀ ਵਿਦਿਆ ਗ੍ਰਹਿਣ ਕਰਨ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਸਟੇਜ ਦੀ ਸੇਵਾ ਅਧਿਆਪਕਾ ਹਰਮੀਤ ਕੌਰ ਨੇ ਗੁਰੂ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੇ ਹੋਏ ਬਾਖੂਬੀ ਸੰਭਾਲੀ। ਅੰਤ ਵਿੱਚ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਆਈ ਸਮੂਹ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕਰਨ ਮਗਰੋਂ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਉਪਰੰਤ ਅਕੈਡਮੀ ਦੇ ਗਤਕਾ ਕੋਚ ਪ੍ਰਦੀਪ ਸਿੰਘ ਸੇਵਕ ਦੀ ਅਗਵਾਈ ਵਿੱਚ ਗਤਕਾ ਖਿਡਾਰੀ ਬੱਚਿਆਂ ਵੱਲੋਂ ਖੁੱਲ੍ਹੇ ਮੈਦਾਨ ਵਿੱਚ ਗਤਕੇ ਦੇ ਆਕਰਸ਼ਕ ਜੌਹਰ ਦਿਖਾਏ ਗਏ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਿਆ।

# ਡਾ. ਕ੍ਰਿਪਾਲ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਅਮਰੀਕਾ ਨਿਵਾਸੀ ਡਾ. ਕ੍ਰਿਪਾਲ ਸਿੰਘ ਦੇ ਅਕਾਲ ਚਲਾਣੇ 'ਤੇ ਡਾ. ਜਸਬੀਰ ਸਿੰਘ ਸਰਨਾ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈੱਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਦੋਵਾਂ ਲੇਖਕਾਂ ਨੇ ਕਿਹਾ ਕਿ ਡਾ. ਕ੍ਰਿਪਾਲ ਸਿੰਘ ਦਾ ਜਨਮ 10 ਅਕਤੂਬਰ 1942 ਵਿੱਚ ਸ਼ਹਿਰ ਮੋਗਾ ਵਿਖੇ ਸ. ਹਰਚੰਦ ਸਿੰਘ ਦੇ ਗ੍ਰਹਿ ਵਿਖੇ ਬੀਬੀ ਜਗੀਰ ਕੌਰ ਦੀ ਕੁੱਖੋਂ ਹੋਇਆ। ਉਹ ਆਪਣੇ ਪਿੱਛੇ ਆਪਣੀ ਸੁਪਤਨੀ ਫਿਲਸ, ਸਪੁੱਤਰੀਆਂ ਪ੍ਰਮਿੰਦਰ ਕੌਰ ਤੇ ਨਵਦੀਪ ਕੌਰ ਤੇ ਸਪੁੱਤਰ ਤੇਜਿੰਦਰ ਸਿੰਘ ਛੱਡ ਗਏ ਹਨ। ਉਨ੍ਹਾਂ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐੱਮਬੀਬੀਐੱਸ ਦੀ ਡਿਗਰੀ ਪ੍ਰਾਪਤ ਕੀਤੀ। ਕੁਝ ਸਮਾਂ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵਿੱਚ ਨੌਕਰੀ ਕੀਤੀ। ਫਿਰ ਉਹ ਇੰਗਲੈਂਡ ਚਲੇ ਗਏ ਤੇ ਉਥੋਂ ਉਹ ਅਮਰੀਕਾ ਦੇ ਆਈਓਵਾ ਸੂਬੇ ਦੇ ਕ੍ਰੈਸਟੋਨ ਸ਼ਹਿਰ ਵਿੱਚ ਬਤੌਰ ਮਨੋਵਿਗਿਆਨ (ਸਾਈਕੈਟਰਿਕ) ਡਾ. ਪ੍ਰੈਕਟਿਸ ਕਰਨ ਲੱਗੇ। ਸੇਵਾ ਮੁਕਤੀ ਪਿਛੋਂ ਉਹ ਫਲੋਰਿਡਾ ਸੂਬੇ ਨੇ ਡੇਟੋਨਾ ਸ਼ਹਿਰ ਵਿੱਚ ਨਿਵਾਸ ਕਰਨ ਲੱਗੇ ਜਿੱਥੇ ਉਹ ਸੰਖੇਪ ਬਿਮਾਰੀ ਪਿੱਛੋਂ 16 ਨਵੰਬਰ 2023 ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦੀ ਦੇਹ ਪਰਿਵਾਰ ਵੱਲੋਂ ਉਨ੍ਹਾਂ ਦੀ ਇੱਛਾ ਅਨੁਸਾਰ ਮੈਡੀਕਲ ਖੋਜ ਲਈ ਮੈਡੀਕਲ ਰਿਸਰਚ ਸੰਸਥਾ ਨੂੰ ਦੇ ਦਿੱਤੀ ਗਈ। ਉਹ ਜਿਥੇ ਚੰਗੇ ਡਾਕਟਰ ਸਨ, ਉਥੇ ਉਹ ਅਗਾਂਹਵਧੂ ਖਿਆਲਾਂ ਤੇ ਸਿੱਖ ਧਰਮ ਨਾਲ ਪ੍ਰਣਾਏ ਹੋਏ ਸਨ। ਉਹ ਸਿੱਖ ਧਰਮ ਸੰਬੰਧੀ ਹੁੰਦੇ ਵੈਬੀਨਾਰਾਂ ਤੇ ਟੀ ਵੀ ਪ੍ਰੋਗਰਾਮਾਂ ਵਿੱਚ ਹੁੰਦੀਆਂ ਬਹਿਸਾਂ ਵਿੱਚ ਵੀ ਭਾਗ ਲੈਂਦੇ ਸਨ। ਉਹ ਲੋੜਵੰਦ ਲੇਖਕਾਂ ਨੂੰ ਕਿਤਾਬਾਂ ਛਪਵਾਉਣ ਵਿੱਚ ਤੇ ਪਾਕਿਸਤਾਨ ਵਿੱਚ ਸਿੱਖ ਬੱਚਿਆਂ ਦੀ ਪੜ੍ਹਾਈ ਵਿੱਚ ਸਹਾਇਤਾ ਕਰਦੇ ਹੁੰਦੇ ਸਨ। ਉਨ੍ਹਾਂ ਨੇ ਪਾਕਿਸਤਾਨ ਵਿੱਚ ਸਿੱਖ ਧਰਮ ਨਾਲ ਸੰਬੰਧਿਤ ਕੁਝ ਪੁਸਤਕਾਂ ਉਰਦੂ ਵਿੱਚ ਛਪਵਾ ਕੇ ਮੁਫ਼ਤ ਵੰਡੀਆਂ। ਜਿਵੇਂ ਜ਼ਫ਼ਰਨਾਮਾ, ਤਵਾਰੀਖ ਬੱਬਰ, ਅਕਾਲੀ ਲਹਿਰ (ਸੰਪਾਦਕ ਬੀ. ਐਸ. ਨਿੱਜਰ), ਜਪੁਜੀ ਤੇ ਸੁਖਮਨੀ ਸਾਹਿਬ (ਲੇਖਕ ਖ਼ਵਾਜਾ ਦਿਲ ਮੁਹੰਮਦ ਐੱਮਏ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਲੇਵਾਲੀ (ਸੰਪਾਦਕ ਡਾ. ਏ. ਐੱਸ. ਐਲਖ), ਗੁਰੂ ਗ੍ਰੰਥ ਸਾਹਿਬ ਅਤੇ ਇਸਲਾਮ (ਇਤਿਹਾਸ ਤੇ ਸਿੱਖਿਆ) ਆਦਿ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਕੀਤੀ ਗਈ ਸਾਹਿਤਕ ਸੇਵਾ ਕਰਕੇ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਪ੍ਰਕਾਸ਼ ਪੁਰਬ 'ਤੇ ਖਾਲਸਾ ਸੰਸਥਾਵਾਂ ਨੇ ਵਿਸ਼ਾਲ ਨਗਰ ਕੀਰਤਨ ਸਜਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਵਹਿਮਾਂ ਭਰਮਾਂ, ਕਰਮ ਕਾਂਡਾਂ, ਜਾਤ-ਪਾਤ ਅਤੇ ਉਚ-ਨੀਚ ਵਰਗੀਆਂ ਸਮਾਜਿਕ ਕੁਰੀਤੀਆਂ ਤੋਂ ਕੱਢਣ ਲਈ ਆਪਣੇ ਜੀਵਨ 'ਚ ਚਾਰ ਉਦਾਸੀਆਂ ਕਰਦਿਆਂ ਸਮੂਹ ਜਗਤ ਨ

26-NOV-PAGE-4.qxd 11/25/2023 10:58 PM Page 1



# ਟੀ ਐੱਸ ਯੂ ਵੱਲੋਂ 7 ਨੂੰ ਪਰਵਾਰਾਂ ਸਮੇਤ ਧਰਨੇ 'ਚ ਸ਼ਾਮਲ ਹੋਣ ਦਾ ਐਲਾਨ

## 5 ਦਸੰਬਰ ਨੂੰ ਇੱਕ ਰੋਜ਼ਾ ਹੜਤਾਲ ਦਾ ਕੀਤਾ ਐਲਾਨ

**ਸਮਰਾਲਾ (ਸੁਰਜੀਤ ਸਿੰਘ)**

ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ:49) ਦੀ ਡਵੀਜ਼ਨ ਸਮਰਾਲਾ ਦੀ ਵਰਕਿੰਗ ਕਮੇਟੀ ਦੀ ਵਧਵੀਂ ਮੀਟਿੰਗ ਡਵੀਜ਼ਨ ਪ੍ਰਧਾਨ ਸੰਗਤ ਸਿੰਘ ਸੋਖੋਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸਰਕਲ ਸਕੱਤਰ ਤਰਸੇਮ ਲਾਲ ਪ੍ਰਧਾਨ ਦਵਿੰਦਰ ਸਿੰਘ ਪੈਨਸ਼ਨਰ ਐਸੋਸੀਏਸ਼ਨ ਸੂਬਾ ਆਗੂ ਸਿਕੰਦਰ ਸਿੰਘ ਟੀ.ਐੱਸ.ਯੂ. ਦੇ ਸਾਬਕਾ ਆਗੂ ਰਜਿੰਦਰ ਕੁਮਾਰ ਨੇ ਦੱਸਿਆ ਕਿ ਪਾਵਰਕੌਮ ਮੈਨੇਜਮੈਂਟ ਨੇ ਬਿਜਲੀ ਕਾਮਿਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਣ ਤੋਂ ਅੜੀਅਲ ਵਤੀਰਾ ਅਪਣਾਇਆ ਹੋਇਆ ਹੈ। ਜਥੇਬੰਦੀ ਵੱਲੋਂ ਵਾਰ ਵਾਰ ਮੈਨੇਜਮੈਂਟ ਨੂੰ ਮਿਲਣ ਦੇ ਬਾਵਜੂਦ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ, ਪਟਿਆਲਾ ਸਰਕਲ ਦੇ ਡਿਸਮਿਸ ਆਗੂਆਂ ਨੂੰ ਬੀ.ਓ.ਡੀ. ਦੀ ਮੀਟਿੰਗ ਵਿੱਚ ਫੈਸਲਾ ਕਰਨ ਦੇ ਬਾਵਜੂਦ ਬਹਾਲ ਨਹੀਂ ਕੀਤਾ ਜਾ ਰਿਹਾ। ਫਰੀਦਕੋਟ, ਮੁਕਤਸਰ, ਮੋਹਾਲੀ ਸਰਕਲ ਦੀਆਂ ਵਿਕਟੇਮਾਈਜ਼ੇਸ਼ਨਾਂ ਹੱਲ ਨਹੀਂ ਕੀਤੀਆਂ ਜਾ ਰਹੀਆਂ, ਸੀ.ਆਰ.ਏ. 295/19 ਤਹਿਤ ਭਰਤੀ ਕਾਮਿਆਂ ਨੂੰ ਰੈਗੂਲਰ ਕਰਕੇ ਪੂਰੇ ਤਨਖਾਹ ਸਕੇਲ ਤਹਿਤ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਤੇ ਜਥੇਬੰਦੀ ਨੂੰ ਮੀਟਿੰਗ ਦੇ ਕੇ ਮੰਗ ਪੱਤਰ 'ਚ ਦਰਜ ਹੋਰ ਮੰਗਾਂ ਦਾ ਹੱਲ ਨਹੀਂ ਕੀਤਾ ਜਾ ਰਿਹਾ, ਜਿਸ ਕਰਕੇ ਜਥੇਬੰਦੀ ਕੋਲ ਸੰਘਰਸ਼ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਬਚਦਾ। ਆਗੂਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਪਾਸੋਂ ਮੰਗ ਕੀਤੀ ਕਿ ਸੀ.ਆਰ.ਏ. 295/19 ਤਹਿਤ ਭਰਤੀ ਕੀਤੇ ਗਏ ਸਹਾਇਕ ਲਾਈਨਮੈਨ ਸਾਥੀਆਂ ਤੇ ਜਾਲ੍ਹੀ ਤਜਰਬਾ ਸਰਟੀਫਿਕੇਟਾਂ ਦੇ ਬਹਾਨੇ ਹੇਠ ਪਾਏ ਗਏ ਝੂਠੇ ਪਰਚੇ ਰੱਦ ਕੀਤੇ ਜਾਣ, ਪਰਖ ਕਾਲ ਪੂਰਾ ਕਰ ਚੁੱਕੇ ਸਾਥੀਆਂ ਨੂੰ ਪੂਰੇ ਸਕੇਲ ਲਾਗੂ ਕਰਕੇ ਤਨਖਾਹਾਂ ਜਾਰੀ ਕੀਤੀਆਂ ਜਾਣ, ਸੀ.ਆਰ.ਏ. 293/19, 294/19 ਤੇ 296/19 ਤਹਿਤ ਭਰਤੀ ਕੀਤੇ ਗਏ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਸੱਤਵੇਂ ਪੇਅ-ਕਮਿਸ਼ਨ ਦੀ ਥਾਂ ਪੰਜਾਬ ਸਰਕਾਰ ਦੇ ਛੇਵੇਂ ਪੇਅ ਕਮਿਸ਼ਨ ਅਨੁਸਾਰ ਤਨਖਾਹ ਸਕੇਲ ਲਾਗੂ ਕੀਤੇ ਜਾਣ, ਪਟਿਆਲਾ ਸਰਕਲ ਦੇ ਡਿਸਮਿਸ ਕੀਤੇ ਗਏ ਆਗੂਆਂ ਨੂੰ ਬਹਾਲ ਕੀਤਾ ਜਾਵੇ, ਫਰੀਦਕੋਟ, ਮੁਕਤਸਰ ਤੇ ਮੋਹਾਲੀ ਸਰਕਲ ਦੇ ਆਗੂਆਂ ਦੀਆਂ ਵਿਕਟੇਮਾਈਜ਼ੇਸ਼ਨਾਂ ਰੱਦ ਕੀਤੀਆਂ ਜਾਣ ਤੇ ਸੂਬਾ ਕਮੇਟੀ ਨੂੰ ਮੀਟਿੰਗ ਦੇ ਕੇ ਮੰਗ ਪੱਤਰ ਵਿੱਚ ਦਰਜ ਬਾਕੀ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ। ਆਗੂਆਂ ਨੇ ਮੈਨੇਜਮੈਂਟ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੰਗਾਂ ਮਸਲਿਆਂ ਦਾ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 5 ਦਸੰਬਰ ਨੂੰ ਇੱਕ ਰੋਜ਼ਾ ਹੜਤਾਲ ਤੇ 7 ਦਸੰਬਰ ਨੂੰ ਹੈੱਡ ਆਫਿਸ ਸਾਹਮਣੇ ਪਰਿਵਾਰਾਂ ਸਮੇਤ ਸੂਬਾਈ ਧਰਨਾ/ਮੁਜ਼ਾਹਰਾ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ। ਮੀਟਿੰਗ ਵਿੱਚ ਦਰਸ਼ਨ ਸਿੰਘ ਸੁਦਰਸ਼ਨ ਸਿੰਘ ਬਲਦੇਵ ਸਿੰਘ ਰੁਲਦਾ ਸਿੰਘ ਜੰਗ ਸਿੰਘ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

ਟੀ ਐੱਸ ਯੂ ਦੀ ਹੋਈ ਮੀਟਿੰਗ ਦਾ ਦ੍ਰਿਸ਼।

# ਮੁਲਾਜ਼ਮ ਵਿਰੋਧੀ ਸਹਾਇਕ ਸਿਵਲ ਸਰਜਨ ਨੂੰ ਤੁਰੰਤ ਬਦਲਣ ਦੀ ਮੰਗ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਭਾਣਾ, ਜਨਰਲ ਸਕੱਤਰ ਹਰਵਿੰਦਰ ਸ਼ਰਮਾ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਆਗੂ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਇਕਬਾਲ ਸਿੰਘ ਮਘੇੜਾ ਮੰਘੇਤ ਸੇਵਾ ਮੁਕਤ ਸੁਪਰਡੈਂਟ ਤਰਸੇਮ ਨਰੂਲਾ, ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਇਕਬਾਲ ਸਿੰਘ ਢੁੱਡੀ, ਜਨਰਲ ਸਕੱਤਰ ਬਲਕਾਰ ਸਿੰਘ ਤੇ ਜੋਤੀ ਪ੍ਰਕਾਸ਼ ਮੰਡੀ ਬੋਰਡ ਨੇ ਸਹਾਇਕ ਸਿਵਲ ਸਰਜਨ ਫਰੀਦਕੋਟ ਡਾਕਟਰ ਮਨਦੀਪ ਧੰਗੂੜਾ ਵੱਲੋਂ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਹਰ ਸਮੇਂ ਬੇਇੱਜ਼ਤ ਕਰਨ ਤੇ ਇੱਕ ਮੁਲਾਜ਼ਮ ਹਰਮਨ ਹਨੀ ਨੂੰ ਆਤਮ ਹੱਤਿਆ ਕਰਨ ਲਈ ਉਕਸਾਉਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਸਿਹਤ ਵਿਭਾਗ ਦੇ ਸਮੂਹ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਪੂਰਨ ਹਮਾਇਤ ਕੀਤੀ ਹੈ। ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਤੁਰੰਤ ਇਸ ਅਧਿਕਾਰੀ ਦਾ ਕਿਸੇ ਦੂਰ ਦੁਰੇਡੇ ਥਾਂ ਤਬਾਦਲਾ ਕੀਤਾ ਜਾਵੇ। ਸੰਘਰਸ਼ਸ਼ੀਲ ਸਮੂਹ ਮੁਲਾਜ਼ਮਾਂ ਵੱਲੋਂ ਇਹ ਸਾਰਾ ਮਾਮਲਾ ਸਿਹਤ ਮੰਤਰੀ ਪੰਜਾਬ ਸਰਕਾਰ ਡਾਕਟਰ ਬਲਬੀਰ ਸਿੰਘ ਤੇ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਦੇ ਧਿਆਨ 'ਚ ਲਿਆਂਦਾ ਜਾ ਚੁੱਕਾ ਹੈ। ਇਸ ਦੌਰਾਨ ਪਤਾ ਲੱਗਾ ਹੈ ਕਿ ਸਿਵਲ ਸਰਜਨ ਫਰੀਦਕੋਟ ਡਾਕਟਰ ਅਨਿਲ ਗੋਇਲ ਨੇ ਸਮੂਹ ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ ਨੂੰ ਭਰੋਸਾ ਦਿੱਤਾ ਹੈ ਕਿ ਮੰਗਲਵਾਰ ਤੱਕ ਇਸ ਮਸਲੇ ਦਾ ਪੱਕਾ ਹੱਲ ਕਰਵਾ ਦਿੱਤਾ ਜਾਵੇਗਾ।

## ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

# ਕਿਸਾਨ ਘੋਲਾਂ ਦੇ ਮੋਹਰੀ ਆਗੂ ਸਨ ਕਾਮਰੇਡ ਓਮ ਪ੍ਰਕਾਸ਼

ਕਾਮਰੇਡ ਓਮ ਪ੍ਰਕਾਸ਼ ਦਾ ਜਨਮ 29 ਮਈ 1955 ਨੂੰ ਪਿੰਡ ਲਾਧੂਕਾ ਜ਼ਿਲ੍ਹਾ ਫਿਰੋਜ਼ਪੁਰ (ਹੁਣ ਫਾਜ਼ਿਲਕਾ) ਵਿਖੇ ਪਿਤਾ ਸ੍ਰੀ ਵਸਾਵਾ ਰਾਮ ਜੀ ਦੇ ਘਰ ਮਾਤਾ ਦਰਸ਼ਨਾ ਰਾਣੀ ਜੀ ਦੇ ਕੁੱਖੋਂ ਹੋਇਆ। ਸੰਨ 1975 ਵਿੱਚ 20 ਸਾਲ ਉਮਰ ਵਿੱਚ ਆਪ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਏ ਤੇ 1976 ਤੋਂ ਹੀ ਪਿੰਡ ਲਾਧੂਕਾ ਦੇ ਬ੍ਰਾਂਚ ਸਕੱਤਰ ਦੇ ਤੌਰ ਤੇ ਪਾਰਟੀ ਵਿੱਚ ਕੰਮ ਕਰਦੇ ਆ ਰਹੇ ਹਨ। 1978 ਤੋਂ ਕੁੱਲ ਹਿੰਦ ਕਿਸਾਨ ਸਭਾ ਦੇ ਸਰਗਰਮ ਮੈਂਬਰ ਰਹੇ। ਫਾਜ਼ਿਲਕਾ ਦੇ ਪਹਿਲੇ ਐੱਮ ਐੱਲ ਏ ਕਾਮਰੇਡ ਵਧਾਵਾ ਰਾਮ ਨਾਲ ਮਿਲ ਕੇ ਕਿਸਾਨ ਸਭਾ ਵੱਲੋਂ ਲੜੇ ਗਏ 'ਬੇਦੀ ਮੋਰਚਾ' ਵਿੱਚ ਆਗੂ ਰੋਲ ਅਦਾ ਕੀਤਾ ਸੀ ਤੇ ਮੋਰਚੇ ਵਿੱਚ ਜਥਿਆਂ ਨੂੰ ਸ਼ਾਮਲ ਕਰਨ ਲਈ ਦਿਨ-ਰਾਤ ਮਿਹਨਤ ਕੀਤੀ। ਸੰਨ 1978 ਵਿੱਚ ਚੰਡੀਗੜ੍ਹ ਵਿਖੇ ਅਣਮਿੱਥੇ ਸਮੇਂ ਲਈ ਕਿਸਾਨਾਂ ਦੇ ਧਰਨੇ ਵਿੱਚ ਸ਼ਾਮਲ ਹੋਣ ਲਈ ਫਿਰੋਜ਼ਪੁਰ ਛਾਉਣੀ ਦੇ ਰੇਲਵੇ ਸਟੇਸ਼ਨ 'ਤੇ ਹੋਏ ਲਾਠੀਚਾਰਜ ਦਾ ਡੱਟ ਕੇ ਮੁਕਾਬਲਾ ਕਰਨ ਉਪਰੰਤ ਧਰਨੇ ਵਿੱਚ ਸ਼ਾਮਲ ਹੋਏ। ਮੰਡੀ ਲਾਧੂਕਾ ਦੀ ਅਨਾਜ ਮੰਡੀ ਵਿੱਚ ਝੋਨੇ ਦੀ ਫਸਲ ਦੀ ਸਮੇਂ ਸਿਰ ਵਿਕਰੀ ਅਤੇ ਸਹੀ ਮੁੱਲ ਦੀ ਪ੍ਰਾਪਤੀ ਲਈ ਕਿਸਾਨਾਂ ਦੀਆਂ ਮੰਗਾਂ ਲਈ ਕਾਮਰੇਡ ਦਰਸ਼ਨ ਲਾਲ ਲਾਧੂਕਾ ਨਾਲ ਮਿਲ ਕੇ ਸੰਘਰਸ਼ ਕਰਦੇ ਰਹੇ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ 2021 ਵਿੱਚ ਦਿੱਲੀ ਵਿਖੇ ਲੱਗੇ ਧਰਨੇ ਵਿੱਚ ਆਪਣੇ ਸਾਥੀਆਂ ਨਾਲ ਕਾਨੂੰਨ ਦੇ ਰੱਦ ਹੋਣ ਤੱਕ ਡਟੇ ਰਹੇ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੇ ਸਰਵ ਭਾਰਤ ਨੌਜਵਾਨ ਸਭਾ ਨੂੰ ਹਮੇਸ਼ਾ ਸਹਿਯੋਗ ਦਿੰਦੇ ਰਹੇ। ਰੁਜ਼ਗਾਰ ਪ੍ਰਾਪਤੀ ਮੁਹਿੰਮ ਲਈ ਵਿਦਿਆਰਥੀਆਂ ਤੇ ਨੌਜਵਾਨਾਂ ਦੀ ਸਥਾਨਕ ਪੱਧਰ 'ਤੇ ਅਗਵਾਈ ਵੀ ਕੀਤੀ ਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਤਹਿਤ 'ਭਗਤ ਸਿੰਘ ਨੈਸ਼ਨਲ ਇੰਪਲਾਈ ਗਰੰਟੀ ਐਕਟ (ਬਨੇਗਾ) ਦੀ ਪ੍ਰਾਪਤੀ ਲਈ ਪਿੰਡ ਲਾਧੂਕਾ ਤੋਂ ਫਾਜ਼ਿਲਕਾ ਤੱਕ 29 ਮਈ 2023 ਨੂੰ ਕੀਤੇ ਗਏ ਪੈਦਲ ਵਲੰਟੀਅਰ ਮਾਰਚ 'ਚ ਸ਼ਾਮਲ ਵਿਦਿਆਰਥੀਆਂ ਤੇ ਨੌਜਵਾਨਾਂ ਦੇ ਰਹਿਣ ਤੇ ਲੰਗਰ ਆਦਿ ਲਈ ਹਰ ਸਹੂਲਤ ਮੁਹੱਈਆ ਕਰਵਾਈ, ਜਿਸ ਵਿੱਚ ਆਪਣੇ ਪੈਲੇਸ ਦੀਆਂ ਮੁਫਤ ਸੇਵਾਵਾਂ ਦਿੱਤੀਆਂ। ਕਾਮਰੇਡ ਓਮ ਪ੍ਰਕਾਸ਼ ਸੰਖੇਪ ਬਿਮਾਰੀ ਕਾਰਨ ਬੀਤੀ 23 ਨਵੰਬਰ 2023 ਨੂੰ ਸਵੇਰੇ ਪੰਜ ਵਜੇ ਅਕਾਲ ਚਲਾਣਾ ਕਰ ਗਏ, ਜਿਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਲਾਧੂਕਾ ਵਿਖੇ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦੇਣ ਮੌਕੇ ਕਮਿਊਨਿਸਟ ਪਾਰਟੀਆਂ, ਵੱਖ-ਵੱਖ ਜਨਤਕ ਜਥੇਬੰਦੀਆਂ, ਹੋਰ ਰਾਜਸੀ ਪਾਰਟੀਆਂ ਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ। ਇਸ ਸਮੇਂ ਕਾਮਰੇਡ ਦਰਸ਼ਨ ਲਾਲ ਤੇ ਕਾਮਰੇਡ ਮਾਂਹਗਾ ਰਾਮ ਵੱਲੋਂ ਪਾਰਟੀ ਦਾ ਝੰਡਾ ਪਾ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਸਮੇਂ ਉਨ੍ਹਾਂ ਦੇ ਜਵਾਈ ਜਗਸੀਰ ਕੁਮਾਰ ਤੇ ਹਰੀਸ਼ ਨੱਢਾ (ਸੂਬਾ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ ਡਕੌਂਦਾ) ਵੀ ਹਾਜ਼ਰ ਸਨ।

ਕਾਮਰੇਡ ਓਮ ਪ੍ਰਕਾਸ਼ ਜੀ ਆਪਣੇ ਪਿੱਛੇ ਪਤਨੀ, ਦੋ ਧੀਆਂ ਤੇ ਦੋ ਪੁੱਤਰ ਛੱਡ ਗਏ ਹਨ। ਕਾਮਰੇਡ ਓਮ ਪ੍ਰਕਾਸ਼ ਜੀ ਦੀ ਅੰਤਿਮ ਅਰਦਾਸ 26 ਨਵੰਬਰ 2023 ਦਿਨ ਐਤਵਾਰ ਨੂੰ ਪਿੰਡ ਲਾਧੂਕਾ ਉਨ੍ਹਾਂ ਦੇ ਗ੍ਰਹਿ ਵਿਖੇ ਹੋਵੇਗੀ।

*-ਜਿੰਦਰ ਪਾਇਲਟ ਲਾਧੂਕਾ*

## ਕਾਤਰਾਂ

### ਬਲਜੀਤ ਸਿੰਘ ਪੰਡੋਰੀ ਨੂੰ ਸਦਮਾ, ਚਾਚੇ ਦਾ ਦੇਹਾਂਤ

**ਮਹਿਲ ਕਲਾਂ (ਪ੍ਰਦੀਪ ਲੋਹਗੜ੍ਹ)**-ਸਮਾਜ ਸੇਵੀ ਬਲਜੀਤ ਸਿੰਘ ਪੰਡੋਰੀ ਲੋਕ ਸੰਪਰਕ ਵਿਭਾਗ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾ ਦੇ ਸਤਿਕਾਰਯੋਗ ਚਾਚਾ ਗੁਰਨਾਮ ਸਿੰਘ ਸਿੱਧੂ (89) ਦਾ ਦਿਹਾਂਤ ਹੋ ਗਿਆ। ਇਸ ਦੁਖਦਾਈ ਮੌਕੇ ਵੱਖ-ਵੱਖ ਆਗੂਆਂ ਤੋਂ ਪ੍ਰੈੱਸ ਕਲੱਬ ਮਹਿਲ ਕਲਾਂ ਤੇ ਸਮੂਹ ਪੱਤਰਕਾਰ ਭਾਈਚਾਰੇ ਨੇ ਬਲਜੀਤ ਸਿੰਘ ਪੰਡੋਰੀ ਤੇ ਸਮੂਹ ਸਿੱਧੂ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

### ਲਵੀਸ਼ ਕਟਾਰੀਆ ਵੱਲੋਂ ਐੱਸ ਡੀ ਪੀ ਸੀ ਦਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਸੇਵੀ ਲਵੀਸ਼ ਕਟਾਰੀਆ ਹਰ ਸਮੇਂ ਖੂਨ ਦਾਨ ਕਰਨ ਵਿੱਚ ਆਪਣੀ ਪਹਿਲਕਦਮੀ ਦਿਖਾਉਂਦਾ ਹੈ, ਇਹ ਵਿਅਕਤੀ ਕਈ ਵਾਰ ਖੂਨ ਦਾਨ ਤੇ ਐੱਸਡੀਪੀਸੀ ਦਾਨ ਕਰ ਚੁੱਕਿਆ ਹੈ। ਇਸ ਵਿਅਕਤੀ ਦੇ ਉਪਰਾਲੇ ਦੀ ਮੁਕਤੀਸਰ ਵੈੱਲਵੇਅਰ ਕਲੱਬ ਨੇ ਸ਼ਲਾਘਾ ਕੀਤੀ ਹੈ। ਸੰਸਥਾ ਤੇ ਮੈਂਬਰਾਂ ਨੇ ਕਿਹਾ ਕਿ ਅਸੀਂ ਧੰਨਵਾਦੀ ਹਾਂ ਕਿ ਇਹੋ ਜਿਹੇ ਸਮਾਜ ਸੇਵੀ, ਜੋ ਦੂਸਰਿਆਂ ਬਾਰੇ ਸੋਚਦੇ ਹਨ, ਅਸੀਂ ਵੀ ਹਮੇਸ਼ਾ ਇਨ੍ਹਾਂ ਦਾ ਸਾਥ ਦਿੰਦੇ ਰਹਾਂਗੇ।

### ਤਰਕਸ਼ੀਲਾਂ ਵੱਲੋਂ ਵਿਦਿਆਰਥੀਆਂ ਦਾ ਸਮਾਗਮ ਭਲਕੇ

**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ-ਬਰਨਾਲਾ ਦੇ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਮੀਡੀਆ ਮੁਖੀ ਸੀਤਾ ਰਾਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ੋਨ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਗਮ 27 ਨਵੰਬਰ ਨੂੰ ਸਵੇਰੇ 10 ਵਜੇ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਵਿਖੇ ਹੋਵੇਗਾ। ਉਨ੍ਹਾਂ ਜ਼ੋਨ ਦੀਆਂ ਸਾਰੀਆਂ ਅੱਠ ਇਕਾਈਆਂ ਦਿੜ੍ਹਬਾ, ਛਾਜਲੀ, ਸੁਨਾਮ, ਲੌਂਗੋਵਾਲ, ਧੂਰੀ, ਭਦੌੜ, ਬਰਨਾਲਾ ਤੇ ਸੰਗਰੂਰ ਦੇ ਮੁਖੀਆਂ ਨੂੰ ਜ਼ੋਨ ਵਿੱਚ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਪਿਆਂ ਸਮੇਤ ਇਸ ਸਨਮਾਨ ਸਮਾਗਮ ਵਿੱਚ ਪਹੁੰਚਣ ਲਈ ਸੁਨੇਹਾ ਲਾਉਣ ਦੀ ਅਪੀਲ ਕਰਦਿਆਂ ਇਕਾਈ ਮੈਂਬਰਾਂ ਨੂੰ ਵੀ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਲਈ ਕਿਹਾ।

### ਕਾਰ ਡੀਲਰ ਤੇ ਸਾਥੀ 'ਤੇ ਲੁੱਟ-ਖੋਹ ਦਾ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਕਾਰ ਡੀਲਰ ਰਾਜੀਵ ਕੁਮਾਰ ਤੇ ਉਸ ਦੇ ਸਾਥੀ ਮਨਦੀਪ ਸਿੰਘ ਵਾਸੀ ਮਾਜਰਾ ਖਿਲਾਫ਼ ਲੁੱਟ-ਖੋਹ ਦਾ ਮਾਮਲਾ ਦਰਜ ਕੀਤਾ ਹੈ। ਮਾਛੀਵਾੜਾ ਪੁਲਸ ਕੋਲ ਬਿਆਨ ਦਰਜ ਕਰਵਾਉਂਦਿਆਂ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਹ ਕਾਰਾਂ ਖ਼ਰੀਦਣ ਤੇ ਵੇਚਣ ਦਾ ਕੰਮ ਕਰਨ ਵਾਲੇ ਰਾਜੀਵ ਕੁਮਾਰ ਕੋਲ ਨੌਕਰੀ ਕਰਦਾ ਸੀ ਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਉਹ ਆਪਣੇ ਸਾਥੀ ਮਨਦੀਪ ਸਿੰਘ ਵਾਸੀ ਮਾਜਰਾ ਤੇ ਹੋਰ ਵਿਅਕਤੀਆਂ ਨਾਲ ਮਿਲ ਕੇ ਲੁੱਟਾਂ-ਖੋਹਾਂ ਦਾ ਕੰਮ ਕਰਦੇ ਹਨ ਤਾਂ ਉਸ ਨੇ ਨੌਕਰੀ ਛੱਡ ਦਿੱਤੀ ਸੀ। ਉਹ ਮੈਨੂੰ ਧਮਕੀਆਂ ਦਿੰਦੇ ਸਨ ਕਿ ਜੇਕਰ ਉਸ ਨੇ ਪੁਲਸ ਨੂੰ ਦੱਸਿਆ ਤਾਂ ਉਹ ਉਸ ਨੂੰ ਤੇ ਪਰਵਾਰ ਨੂੰ ਜਾਨੋਂ ਮਾਰ ਦੇਣਗੇ। ਬਿਆਨਕਰਤਾ ਅਨੁਸਾਰ ਕੱਲ੍ਹ ਉਹ ਮੇਨ ਚੌਕ ਵਿਖੇ ਖੜਾ ਸੀ ਤਾਂ ਮਨਦੀਪ ਸਿੰਘ ਤੇ ਰਾਜੀਵ ਕੁਮਾਰ ਇੱਕ ਅਲਟੋ ਕਾਰ ਵਿੱਚ ਆਏ, ਜਿਨ੍ਹਾਂ ਧੱਕੇ ਨਾਲ ਮੈਨੂੰ ਕਾਰ ਵਿੱਚ ਬਿਠਾ ਲਿਆ। ਉਹ ਕੁੱਟਮਾਰ ਕਰਦੇ ਹੋ

26-NOV-PAGE-5.qxd 11/25/2023 10:57 PM Page 1



# ਸਰਹੱਦੀ ਪਿੰਡਾਂ 'ਚ ਹੜ੍ਹਾਂ ਕਾਰਨ ਟੁੱਟੀਆਂ ਸੜਕਾਂ ਤੋਂ ਲੋਕ ਪ੍ਰੇਸ਼ਾਨ

**• ਤਿੰਨ ਮਹੀਨੇ ਬਾਅਦ ਵੀ ਸ਼ੁਰੂ ਨਹੀਂ ਹੋਇਆ ਮੁਰੰਮਤ ਦਾ ਕੰਮ • ਸਰਕਾਰ ਤੋਂ ਜਲਦੀ ਸੜਕਾਂ ਦੀ ਮੁਰੰਮਤ ਕਰਵਾਉਣ ਦੀ ਮੰਗ**

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਪਿਛਲੇ ਦਿਨੀਂ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿੱਚ ਆਏ ਹੜ੍ਹਾਂ ਕਾਰਨ ਸਰਹੱਦ ਨਾਲ ਲੱਗਦੇ ਕਈ ਪਿੰਡਾਂ ਦੀਆਂ ਸੜਕਾਂ ਟੁੱਟ ਗਈਆਂ ਸਨ, ਜਿਸ ਕਾਰਨ ਇੱਥੇ ਰਹਿਣ ਵਾਲੇ ਲੋਕਾਂ ਦਾ ਸ਼ਹਿਰ ਦੇ ਨਾਲ ਸੰਪਰਕ ਟੁੱਟ ਗਿਆ ਸੀ। ਅੱਜ ਕਰੀਬ ਤਿੰਨ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਇਨ੍ਹਾਂ ਸੜਕਾਂ ਦੀ ਹਾਲਤ ਜਿਉਂ ਦੀ ਤਿਉਂ ਬਣੀ ਹੋਈ ਹੈ, ਜਿਸ ਕਾਰਨ ਇੱਥੇ ਰਹਿਣ ਵਾਲੇ ਲੋਕਾਂ ਤੋਂ ਇਲਾਵਾ ਇੱਥੋਂ ਲੰਘਣ ਵਾਲੇ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਬਾਰੇ ਮਿਲਖਾ ਸਿੰਘ ਵਾਸੀ ਤੇਜਾ ਰੁਹੇਲਾ ਨੇ ਦੱਸਿਆ ਕਿ ਉਸ ਨੂੰ ਆਪਣੇ ਪਿੰਡ ਤੋਂ ਫਾਜ਼ਿਲਕਾ ਜਾਣ ਲਈ ਇਸ ਰਸਤੇ ਤੋਂ ਲੰਘਣਾ ਪੈਂਦਾ ਹੈ। ਪਿਛਲੇ ਦਿਨੀਂ ਆਏ ਹੜ੍ਹਾਂ ਕਾਰਨ ਉਨ੍ਹਾਂ ਦੇ ਪਿੰਡ ਤੋਂ ਕਾਵਾਂ ਵਾਲੀ ਪੱਤਣ ਤੱਕ ਸੜਕ ਪੂਰੀ ਤਰ੍ਹਾਂ ਟੁੱਟ ਗਈ ਸੀ। ਕਈ ਥਾਵਾਂ 'ਤੇ ਸੜਕ ਪੂਰੀ ਤਰ੍ਹਾਂ ਨਾਲ ਹੜ੍ਹ ਦੇ ਪਾਣੀ ਵਿੱਚ ਵਹਿ ਗਈ ਤੇ ਕਈ ਥਾਵਾਂ 'ਤੇ ਵੱਡੇ-ਵੱਡੇ ਟੋਏ ਪੈ ਗਏ। ਉਨ੍ਹਾਂ ਨੂੰ ਇਸ ਟੋਇਆਂ ਵਿੱਚੋਂ ਲੰਘਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਰਾਜ ਸਿੰਘ ਵਾਸੀ ਰਾਮ ਸਿੰਘ ਭੈਣੀ, ਸੰਦੀਪ ਸਿੰਘ ਵਾਸੀ ਮਹਾਤਮ ਨਗਰ ਤੇ ਹੋਰਨਾਂ ਨੇ ਦੱਸਿਆ ਕਿ ਇਹ ਸੜਕ ਇੱਥੋਂ ਦੇ ਇੱਕ ਦਰਜਨ ਤੋਂ ਵੱਧ ਪਿੰਡਾਂ ਨੂੰ ਆਪਸ ਵਿੱਚ ਜੋੜਦੀ ਹੈ। ਇਸ ਸੜਕ ਤੋਂ ਰਾਮ ਸਿੰਘ ਭੈਣੀ, ਦੋਨਾ ਨਾਨਕਾ, ਮਹਾਤਮ ਨਗਰ, ਤੇਜਾ ਰੁਹੇਲਾ, ਝੰਗੜ ਭੈਣੀ, ਰੇਤੇ ਵਾਲੀ ਭੈਣੀ, ਵੱਲੇ ਸ਼ਾਹ ਹਿਠਾੜ ਆਦਿ ਪਿੰਡਾਂ ਦੇ ਸੈਂਕੜੇ ਲੋਕ ਲੰਘਦੇ ਹਨ, ਜਿਨ੍ਹਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੜਕ ਕਰੀਬ 12 ਪਿੰਡਾਂ ਨਾਲ ਜੁੜੀ ਹੋਈ ਹੈ। ਇਸ ਸੜਕ 'ਤੇ ਵੱਡੇ-ਵੱਡੇ ਟੋਏ ਪਏ ਹੋਏ ਹਨ। ਇਸ ਤੋਂ ਇਲਾਵਾ ਨੇੜਲੇ ਸਾਰੇ ਪਿੰਡਾਂ ਦੀਆਂ ਸੜਕਾਂ ਪੂਰੀ ਤਰ੍ਹਾਂ ਟੁੱਟੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇੰਨਾ ਸਮਾਂ ਬੀਤ ਜਾਣ ਦੇ ਬਾਵਜੂਦ ਇਨ੍ਹਾਂ ਸੜਕਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਨਹੀਂ ਹੋਇਆ ਤੇ ਨਾ ਹੀ ਕੋਈ ਅਧਿਕਾਰੀ ਇਨ੍ਹਾਂ ਟੁੱਟੀਆਂ ਸੜਕਾਂ ਨੂੰ ਦੇਖਣ ਆਇਆ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਥੋਂ ਦੇ ਵਿਧਾਇਕ ਤੋਂ ਇਲਾਵਾ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਵਾਰ-ਵਾਰ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਾਉਣ ਦੀ ਬੇਨਤੀ ਕੀਤੀ, ਪਰ ਅੱਜ ਤੱਕ ਕਿਸੇ ਨੇ ਉਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ। ਪ੍ਰਸ਼ਾਸਨ ਤੇ ਸਰਕਾਰ ਤੋਂ ਕੋਈ ਉਮੀਦ ਨਾ ਦੇਖ ਕੇ ਉਨ੍ਹਾਂ ਨੇ ਖੁਦ ਹੀ ਮਿੱਟੀ ਪਾ ਕੇ ਸੜਕ ਦੇ ਟੋਇਆਂ ਨੂੰ ਭਰ ਦਿੱਤਾ। ਇਸ ਤੋਂ ਬਾਅਦ ਵੀ ਸੜਕ ਤੋਂ ਉੱਡਦੀ ਧੂੜ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣ ਰਹੀ ਹੈ। ਇਸ ਤੋਂ ਇਲਾਵਾ ਸੜਕ 'ਤੇ ਪਏ ਟੋਇਆਂ ਕਾਰਨ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਘਟਨਾ ਵਾਪਰਨ ਦਾ ਡਰ ਵੀ ਬਣਿਆ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੜ੍ਹਾਂ ਕਾਰਨ ਨੁਕਸਾਨੀਆਂ ਗਈਆਂ ਸੜਕਾਂ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ।

ਇਸ ਸਬੰਧੀ ਜਦੋਂ ਪੰਜਾਬ ਮੰਡੀ ਬੋਰਡ ਦੇ ਐੱਸ.ਡੀ.ਓ. ਨਰਪਿੰਦਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਅਜੇ ਤੱਕ ਇਨ੍ਹਾਂ ਸੜਕਾਂ ਦੀ ਮੁਰੰਮਤ ਲਈ ਨਾ ਤਾਂ ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਅਤੇ ਨਾ ਹੀ ਸਰਕਾਰ ਵੱਲੋਂ ਕੋਈ ਫੰਡ ਮਿਲਿਆ ਹੈ। ਉਨ੍ਹਾ ਕਿਹਾ ਕਿ ਹੁਣ ਤੱਕ ਉਨ੍ਹਾਂ ਨੂੰ ਹੜ੍ਹਾਂ ਦੌਰਾਨ ਮੁਰੰਮਤ ਕੀਤੀਆਂ ਸੜਕਾਂ ਲਈ ਵੀ ਫੰਡ ਨਹੀਂ ਮਿਲੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਦਾ ਕੰਮ ਉਦੋਂ ਹੀ ਸ਼ੁਰੂ ਕੀਤਾ ਜਾਵੇਗਾ, ਜਦੋਂ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਫੰਡ ਮਿਲ ਜਾਣਗੇ।

# ਹੁਣ ਸਰਕਾਰੀ ਅਧਿਆਪਕਾਂ ਦੇ ਕੋਟਾ ਪੜ੍ਹਦੇ ਪੁੱਤਾਂ-ਧੀਆਂ ਦੀ ਹਾਜ਼ਰੀ ਦਾ ਕੀ ਬਣੂ ?

- **ਸਰਕਾਰੀ ਸਕੂਲਾਂ 'ਚ ਦਾਖਲ ਕਈ ਅਧਿਆਪਕਾਂ ਦੇ ਬੱਚੇ ਪੜ੍ਹਦੇ ਹਨ ਬਾਹਰ !**
- **ਪੰਜਾਬ ਦੇ ਸਿੱਖਿਆ ਮੰਤਰੀ ਵੱਲੋਂ ਸਕੂਲਾਂ 'ਚ ਬੱਚਿਆਂ ਦੀ ਆਨਲਾਈਨ ਹਾਜ਼ਰੀ ਲਵਾਉਣ ਦੇ ਹੁਕਮ**

**ਜਲਾਲਾਬਾਦ (ਰਣਬੀਰ ਕੌਰ ਢਾਬਾਂ)**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਦੀ ਹਾਜ਼ਰੀ ਆਨਲਾਈਨ ਲਗਾਉਣ ਦੇ ਆਦੇਸ਼ ਦਿੱਤੇ ਹਨ, ਪਰ ਇਸ ਹੁਕਮ ਤੋਂ ਬਾਅਦ ਹੁਣ ਕਈ ਸਰਕਾਰੀ ਸਕੂਲਾਂ 'ਚ ਇਕ ਹੱਲਚੱਲ ਵੀ ਸ਼ੁਰੂ ਹੋ ਗਈ ਹੈ, ਕਿਉਂਕਿ ਪਤਾ ਲੱਗਾ ਹੈ ਕਿ ਕਈ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਤੇ ਲੈਕਚਰਾਰਾਂ ਦੇ ਧੀਆਂ-ਪੁੱਤ ਸਰਕਾਰੀ ਸਕੂਲਾਂ 'ਚ ਦਾਖ਼ਲਾ ਲੈ ਕੇ ਰਾਜਸਥਾਨ ਦੇ ਕੋਟਾ ਤੇ ਹੋਰ ਬਾਹਰਲੇ ਸੂਬਿਆਂ ਤੋਂ ਸਿੱਖਿਆ ਹਾਸਲ ਕਰਨ ਲਈ ਪਹੁੰਚੇ ਹੋਏ ਹਨ। ਉਨ੍ਹਾਂ ਦੀ ਹਾਜ਼ਰੀ ਤਾਂ ਇੱਥੇ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਲੱਗਦੀ ਹੈ, ਪਰ ਉਹ ਪੜ੍ਹਾਈ ਰਾਜਸਥਾਨ ਦੇ ਕੋਟਾ ਜਾਂ ਹੋਰ ਸੂਬਿਆਂ ਵਿੱਚ ਕਰ ਰਹੇ ਹਨ, ਜਿਸ ਕਾਰਨ ਪੰਜਾਬ ਦੇ ਸਿੱਖਿਆ ਮੰਤਰੀ ਦੇ ਇਸ ਬਿਆਨ ਤੋਂ ਬਾਅਦ ਤਰਥੱਲੀ ਜਿਹੀ ਮੱਚ ਗਈ ਹੈ ਕਿ ਹੁਣ ਉਨ੍ਹਾਂ ਵਿਦਿਆਰਥੀਆਂ ਦੀ ਹਾਜ਼ਰੀ ਦਾ ਕੀ ਬਣੂ, ਕਿਉਂਕਿ ਆਨਲਾਈਨ ਹਾਜ਼ਰੀ ਵੇਲੇ ਤਾਂ ਬੱਚੇ ਦਾ ਮੌਕੇ 'ਤੇ ਹੋਣਾ ਲਾਜ਼ਮੀ ਹੁੰਦਾ ਹੈ। ਜੇਕਰ ਫਾਜ਼ਿਲਕਾ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਪਤਾ ਲੱਗਾ ਹੈ ਕਿ ਜਲਾਲਾਬਾਦ, ਫਾਜ਼ਿਲਕਾ, ਅਬੋਹਰ ਤੇ ਅਰਨੀਵਾਲਾ ਖੇਤਰ ਦੇ ਕਈ ਸਕੂਲਾਂ ਦੇ ਅਧਿਆਪਕਾਂ ਦੇ ਬੱਚੇ ਬਾਹਰਲੇ ਸੂਬਿਆਂ ਤੋਂ ਸਿੱਖਿਆ ਹਾਸਲ ਕਰ ਰਹੇ ਹਨ, ਤਾਂ ਕਿ ਉਹ ਆਪਣੇ ਭਵਿੱਖ ਨੂੰ ਸੰਵਾਰ ਸਕਣ, ਪਰ ਹੁਣ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਆਦੇਸ਼ ਤੋਂ ਬਾਅਦ ਉਨ੍ਹਾਂ ਦੀ ਸਿੱਖਿਆ 'ਤੇ ਸ਼ਾਇਦ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ ਜਾਂ ਫਿਰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਂਦੇ ਅਧਿਆਪਕ ਆਪਣੇ ਬੱਚਿਆਂ ਦਾ ਦਾਖਲਾ ਪ੍ਰਾਈਵੇਟ ਸਕੂਲਾਂ ਵਿੱਚ ਕਰਵਾਉਣਗੇ। ਉਧਰ ਕੁਝ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਸ ਮਾਮਲੇ ਦੀ ਡੂੰਘਾਈ ਨਾਲ ਛਾਣ-ਬੀਣ ਕੀਤੀ ਜਾਵੇ ਤਾਂ ਬਹੁਤ ਵੱਡਾ ਮਾਮਲਾ ਸਾਹਮਣੇ ਆ ਸਕਦਾ ਹੈ ਕਿ ਕਿੰਨੇ ਵਿਦਿਆਰਥੀਆਂ ਦੇ ਨਾਂਅ ਤਾਂ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਨੇ ਤੇ ਉਹ ਸਿੱਖਿਆ ਹਾਸਲ ਕਰਨ ਲਈ ਦੂਜੇ ਸੂਬਿਆਂ ਵਿੱਚ ਰਹਿ ਰਹੇ ਹਨ। ਫਾਜ਼ਿਲਕਾ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰੀ ਸੁਖਬੀਰ ਸਿੰਘ ਬੱਲ ਨਾਲ ਜਦੋਂ ਇਸ ਸਬੰਧੀ ਗੱਲਬਾਤ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਸਿੱਖਿਆ ਮੰਤਰੀ ਦੇ ਹੁਕਮਾਂ ਦੀ ਪਾਲਣਾ ਕੀਤੀ ਜਾਏਗੀ ਤੇ ਜੇਕਰ ਸਰਕਾਰੀ ਸਕੂਲ ਵਿੱਚ ਦਾਖਲ ਬਾਹਰਲੇ ਸੂਬੇ ਵਿੱਚ ਪੜ੍ਹ ਰਹੇ ਅਧਿਆਪਕ ਦੇ ਬੱਚੇ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਉਸ ਖਿਲਾਫ ਬਣਦੀ ਵਿਭਾਗੀ ਕਾਰਵਾਈ ਹੋਵੇਗੀ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ ਸਜਾਇਆ

**ਮੱਖੂ (ਰਛਪਾਲ ਸਿੰਘ ਸੰਧੂ)**-ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਮਖੂ ਦੇ ਸੇਵਾਦਾਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਮੇਨ ਬਜ਼ਾਰ, ਰੇਲਵੇ ਰੋਡ, ਜ਼ੀਰਾ ਵਾਲਾ ਮੋੜ, ਦਾਣਾ ਮੰਡੀ ਤੇ ਹੋਰ ਵੱਖ ਵੱਖ ਪਿੰਡਾਂ ਵਿੱਚੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਪਹੁੰਚਿਆ। ਇਲਾਕਾ ਨਿਵਾਸੀਆਂ ਵੱਲੋਂ ਨਗਰ ਕੀਰਤਨ ਦਾ ਸਵਾਗਤ ਫੁੱਲਾਂ ਦੀ ਵਰਖਾ ਕਰਕੇ ਤੇ ਵੱਖ ਵੱਖ ਤਰ੍ਹਾਂ ਦੇ ਲੰਗਰ ਲਗਾ ਕੇ ਕੀਤਾ ਗਿਆ। ਨਗਰ ਕੀਰਤਨ ਦੌਰਾਨ ਰਾਗੀ ਢਾਡੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਬਾਬਾ ਮਸਤ ਕਰਮ ਚੰਦ ਬਾਠਾਂ ਵਾਲਾ ਦੇ ਮੈਨੇਜਰ ਤਰਸੇਮ ਸਿੰਘ ਤੇ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸਾਹਿਬ ਵਿਖੇ ਆਰੰਭ ਕਰਵਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸੰਪੂਰਨ ਉਪਰੰਤ ਰਾਗੀ ਢਾਡੀ ਜਥੇ ਵੱਲੋਂ ਕਥਾ ਤੇ ਕੀਰਤਨ ਕੀਤਾ ਜਾਵੇਗਾ।

## ਡੀ ਏ ਵੀ ਸਕੂਲ 'ਚ ਮਨਾਇਆ ਪ੍ਰਕਾਸ਼ ਦਿਹਾੜਾ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਡੀ ਏ ਵੀ ਪਬਲਿਕ ਸਕੂਲ ਪਾਤੜਾਂ ਵਿੱਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਸਕੂਲ ਦੇ ਮਹਾਤਮਾ ਹੰਸ ਰਾਜ ਹਾਊਸ ਵੱਲੋਂ ਇੱਕ ਧਾਰਮਿਕ ਸਮਾਗਮ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਤੋਂ ਕੀਤੀ ਗਈ। ਇਸ ਉਪਰੰਤ ਸੰਗੀਤ ਅਧਿਆਪਕਾ ਪੂਜਾ ਗਿੱਲ ਤੇ ਪੰਜਾਬੀ ਅਧਿਆਪਕਾ ਰਣਜੀਤ ਕੌਰ ਵੱਲੋਂ ਤਿਆਰ ਨਰਸਰੀ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਗਤੀਵਿਧੀਆਂ ਜਿਵੇਂ ਧਾਰਮਿਕ ਕੋਰੀਓਗ੍ਰਾਫੀਆਂ, ਧਾਰਮਿਕ ਗੀਤ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਕਵੀਸ਼ਰੀਆਂ ਪੇਸ਼ ਕੀਤੀਆਂ ਗਈਆਂ। ਸਕੂਲ ਦੇ ਅਧਿਆਪਕ ਸ਼ਮਸ਼ੇਰ ਸਿੰਘ ਜੱਸਲ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਉਨ੍ਹਾਂ ਦੇ ਉਪਦੇਸ਼ਾਂ ਉੱਤੇ ਵਿਸ਼ੇਸ਼ ਚਾਨਣਾ ਪਾਇਆ ਗਿਆ। ਸਮਾਗਮ ਦੇ ਅੰਤ ਵਿੱਚ ਹਾਊਸ ਕੋਆਰਡੀਨੇਟਰ ਸੰਦੀਪ ਸ਼ਰਮਾ ਤੇ ਸ਼ੀਤਲ ਕਾਂਸਲ ਨੇ ਸਭ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਗਏ ਉਪਦੇਸ਼ਾਂ ਉੱਤੇ ਚੱਲਣ ਲਈ ਪ੍ਰੇਰਣਾ ਦਿੱਤੀ।

## ਕਾਤਰਾਂ

### ਵਿਕਸਤ ਭਾਰਤ ਸੰਕਲਪ ਯਾਤਰਾ ਅੱਜ ਫਿਰੋਜ਼ਪੁਰ ਪੁੱਜੇਗੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰ ਵੱਲੋਂ ਪ੍ਰਯੋਜਤ ਵਿਕਸਤ ਭਾਰਤ ਸੰਕਲਪ ਯਾਤਰਾ 26 ਨਵੇਂਬਰ ਨੂੰ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਸ਼ੁਰੂ ਹੋਵੇਗੀ ਤੇ ਲਗਭਗ ਦੋ ਮਹੀਨਿਆਂ ਦੌਰਾਨ ਇਹ ਯਾਤਰਾ ਜ਼ਿਲ੍ਹੇ ਦੇ ਹਰ ਇੱਕ ਪਿੰਡ ਤੱਕ ਪੁੱਜੇਗੀ।ਇਸ ਸਬੰਧੀ ਤਿਆਰੀਆਂ ਲਈ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਪਿੰਡ ਬਾਰੇ ਕੇ ਵਿਖੇ ਇਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦੱਸਿਆ ਕਿ ਇਸ ਲਈ ਜ਼ਿਲ੍ਹਾ ਪੱਧਰੀ, ਬਲਾਕ ਪੱਧਰੀ ਤੇ ਪਿੰਡ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।ਜ਼ਿਲ੍ਹੇ ਵਿੱਚ ਇਸ ਯਾਤਰਾ ਤਹਿਤ 4 ਵੈਨਾਂ ਆਉਣਗੀਆਂ, ਜੋ ਪਿੰਡ ਪਿੰਡ ਜਾ ਕੇ ਸਰਕਾਰ ਦੀਆਂ ਸਕੀਮਾਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਗੀਆਂ।ਇਕ ਵੈਨ ਇਕ ਦਿਨ ਵਿੱਚ ਦੋ ਪਿੰਡ ਕਵਰ ਕਰੇਗੀ।

### ਬੀ ਐੱਸ ਐੱਫ ਨੇ ਪਾਕਿ ਘੁਸਪੈਠੀਆ ਫੜਿਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀ ਐੱਸ ਐੱਫ ਨੇ ਫਿਰੋਜ਼ਪੁਰ ਵਿੱਚ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਪਾਰ ਕਰਕੇ ਭਾਰਤੀ ਸਰਹੱਦ ਵਿੱਚ ਘੁਸਪੈਠ ਕਰਨ ਵਾਲੇ ਇੱਕ ਘੁਸਪੈਠੀਏ ਨੂੰ ਫੜਿਆ ਹੈ।ਫੜਿਆ ਗਿਆ ਘੁਸਪੈਠੀਆ ਪਾਕਿਸਤਾਨੀ ਨਾਗਰਿਕ ਹੈ, ਜਿਸ ਨੂੰ ਬੀ.ਐੱਸ.ਐੱਫ 155 ਬਟਾਲੀਅਨ ਦੇ ਜਵਾਨਾਂ ਨੇ ਜੇ.ਸੀ.ਸੀ. ਬੈਰੀਅਰ ਨੇੜੇ ਭਾਰਤੀ ਸਰਹੱਦ ਵਿੱਚ ਘੁਸਪੈਠ ਕਰਦੇ ਹੋਏ ਫੜ ਲਿਆ ਸੀ। ਪਾਕਿਸਤਾਨੀ ਨਾਗਰਿਕ ਕੋਲੋਂ ਬਰਾਮਦ ਹੋਏ ਆਧਾਰ ਕਾਰਡ ਮੁਤਾਬਕ ਨੌਜਵਾਨ ਦੀ ਪਛਾਣ ਰਬੀਬ ਬਿਲਾਲ ਵਾਸੀ ਫੈਸਲਾਬਾਦ ਵਜੋਂ ਹੋਈ ਹੈ।ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਤੋਂ ਬੀ ਐੱਸ ਐੱਫ ਦੇ ਜਵਾਨਾਂ ਵੱਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਹੀ ਪਤਾ ਚੱਲ ਸਕੇਗਾ ਕਿ ਉਸ ਦੇ ਭਾਰਤੀ ਸਰਹੱਦ ਵਿੱਚ ਦਾਖਲ ਹੋਣ ਪਿੱਛੇ ਕੀ ਕਾਰਨ ਹੈ ?

### ਕਿੰਡਰ ਗਾਰਟਨ ਸਕੂਲ 'ਚ ਵਿਦਿਆਰਥੀਆਂ ਵੱਲੋਂ ਬਣਾਈਆ ਚੀਜ਼ਾਂ ਦੀ ਪ੍ਰਦਰਸ਼ਨੀ

**ਸਮਰਾਲਾ (ਸੁਰਜੀਤ ਸਿੰਘ)**-ਕਿੰਡਰ ਗਾਰਟਨ ਸਕੂਲ ਵਿੱਚ ਅਧਿਆਪਕਾਂ ਤੇ ਮਾਪਿਆਂ ਦੀ ਮਿਲਣੀ ਵਿੱਚ ਬੱਚਿਆਂ ਵੱਲੋਂ ਹੱਥੀਂ ਤਿਆਰ ਕੀਤੀਆਂ ਚੀਜ਼ਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਬੱਚਿਆਂ ਨੇ ਦੁਸਹਿਰੇ, ਦੀਵਾਲੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਸਬੰਧੀ ਆਪਣੇ ਹੱਥਾਂ ਨਾਲ ਚੀਜ਼ਾਂ ਬਣਾਈਆਂ। ਇਹ ਪ੍ਰਦਰਸ਼ਨੀ ਮਾਪਿਆਂ ਤੇ ਬੱਚਿਆਂ ਦੀ ਖਿੱਚ ਦਾ ਕੇਂਦਰ ਬਣੀ, ਜਿਸ ਨੂੰ ਦੇਖ ਕੇ ਮਾਪੇ ਬਹੁਤ ਹੀ ਖੁਸ਼ ਹੋਏ। ਮਾਪਿ

page-6-26-(NOVE)-2023-G-(BV).qxd 11/25/2023 11:09 PM Page 1



# ਅਧਿਆਪਕਾ ਕੁਲਵਿੰਦਰ ਕੌਰ ਤੇ ਪਰਮਜੀਤ ਕੌਰ ਨੂੰ ਦਿੱਤੀ ਵਿਦਾਇਗੀ ਪਾਰਟੀ

ਝਬਾਲ (ਹਰਜਿੰਦਰ ਸਿੰਘ ਸੋਨੀ)—ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੀਆਂ ਦੋ ਅਧਿਆਪਕਾਵਾਂ ਕੁਲਵਿੰਦਰ ਕੌਰ ਅਤੇ ਪਰਮਜੀਤ ਕੌਰ ਨੂੰ 25 ਨਵੰਬਰ ਦਿਨ ਸ਼ਨੀਵਾਰ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।

ਇਨ੍ਹਾਂ ਦੀ ਸ਼ਖ਼ਸੀਅਤ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀਂ ਹੈ। ਇਨ੍ਹਾਂ ਆਪਣੀ ਅਣਥੱਕ ਮਿਹਨਤ ਸਦਕਾ ਸਕੂਲ ਨੂੰ ਤਰੱਕੀ ਦੀਆਂ ਬੁਲੰਦੀਆਂ ਤੱਕ ਪਹੁੰਚਣ ਵਿੱਚ ਵੱਡਮੁੱਲਾ ਯੋਗਦਾਨ ਪਾਇਆ। ਇਸ ਵਿਦਾਇਗੀ ਪਾਰਟੀ ਵਿੱਚ ਵਿਸ਼ੇਸ਼ ਤੌਰ 'ਤੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਸ਼ਾਮਲ ਸਨ। ਵਿਦਿਆਰਥੀਆਂ ਨੇ ਵੈਲਕਮ ਸੌਂਗ ਨਾਲ ਸਵਾਗਤ ਕੀਤਾ। ਪ੍ਰਿੰ. ਅਨੂਰੀਤ ਬਾਵਾ ਨੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਸੇਵਾਮੁਕਤ ਅਧਿਆਪਕਾਵਾਂ ਨੇ ਆਪਣੇ ਮਨ ਦੇ ਭਾਵ ਸਾਂਝੇ ਕੀਤੇ। ਖੱਟੀਆਂ-ਮਿੱਠੀਆਂ ਯਾਦਾਂ ਤਾਜ਼ਾ ਕੀਤੀਆਂ। ਸਕੂਲ ਮੈਨੇਜਮੈਂਟ ਤੇ ਸਮੂਹ ਸਟਾਫ਼ ਵੱਲੋਂ ਇਨਾਂ ਨੂੰ ਵਿਦਾਇਗੀ ਚਿੰਨ੍ਹ ਭੇਟ ਕੀਤੇ ਗਏ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਗੁਰਵਿੰਦਰ ਕੌਰ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਸੇਖਵਾਂ ਨੇ ਠੱਕਰ ਸੰਧੂ, ਕੋਟ ਟੋਡਰਮੱਲ ਤੇ ਖੁਸ਼ਹਾਲਪੁਰ ਵਿਖੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਠੱਕਰ ਸੰਧੂ, ਕੋਟ ਟੋਡਰਮੱਲ ਅਤੇ ਖੁਸ਼ਹਾਲਪੁਰ ਵਿਖੇ 50 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਸ ਮੌਕੇ ਉਨ੍ਹਾਂ ਪਿੰਡ ਠੱਕਰ ਸੰਧੂ ਵਿਖੇ ਨਵੀਂ ਜਿੰਮ ਨੂੰ ਨੌਜਵਾਨਾਂ ਦੇ ਸਪੁਰਦ ਵੀ ਕੀਤਾ। ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਪੂਰੀ ਸੁਹਿਰਦਤਾ ਨਾਲ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਪਹਿਲੇ ਦਿਨ ਤੋਂ ਹੀ ਸੂਬੇ ਦਾ ਵਿਕਾਸ ਸ਼ੁਰੂ ਕਰ ਦਿੱਤਾ ਸੀ ਅਤੇ ਹਰ ਖੇਤਰ ਵਿੱਚ ਬਿਨ੍ਹਾਂ ਕਿਸੇ ਭੇਦ-ਭਾਵ ਤੋਂ ਵਿਕਾਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਦੀਆਂ ਹਲਕੇ ਵਿੱਚ ਵੀ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਜ ਪਿੰਡ ਠੱਕਰ ਸੰਧੂ, ਕੋਟ ਟੋਡਰਮੱਲ ਅਤੇ ਖੁਸ਼ਹਾਲਪੁਰ ਵਿਖੇ 50 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ ਹਨ ਜਿਨ੍ਹਾਂ ਦੇ ਮੁਕੰਮਲ ਹੋਣ ਨਾਲ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਵੱਡੀ ਸਹੂਲਤ ਮਿਲੇਗੀ। ਇਸ ਮੌਕੇ ਉਨ੍ਹਾਂ ਨਾਲ ਬੀਡੀਪੀਓ ਕੁਲਵੰਤ ਸਿੰਘ, ਡਾ. ਜਸਪਾਲ ਸਿੰਘ ਪੰਧੇਰ (ਚੇਅਰਮੈਨ ਮਾਰਕੀਟ ਕਮੇਟੀ ਕਾਹਨੂੰਵਾਨ), ਮੋਹਨ ਸਿੰਘ (ਚੇਅਰਮੈਨ ਮਾਰਕੀਟ ਕਮੇਟੀ ਕਾਦੀਆਂ), ਹਰਜੀਤ ਸਿੰਘ, ਡਾ. ਰਾਕੇਸ਼ ਕਾਲੀਆ, ਬਲਵਿੰਦਰ ਸਿੰਘ ਸੋਨਾ ਬਾਜਵਾ, ਗੁਰਮੇਜ ਸਿੰਘ, ਮਨਿੰਦਰਪਾਲ ਸਿੰਘ, ਪਰਮਜੀਤ ਸਿੰਘ, ਲਖਵਿੰਦਰ ਸਿੰਘ, ਕੁਲਵਿੰਦਰ ਸਿੰਘ, ਕਮਲਜੀਤ ਸਿੰਘ ਤੋਂ ਇਲਾਵਾ ਹੋਰ ਵੀ ਮੋਹਤਬਰ ਲੋਕ ਹਾਜ਼ਰ ਸਨ।

# ਸੇਂਟ ਕਬੀਰ ਸਕੂਲ 'ਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿੱਚ ਸਿੱਖ ਧਰਮ ਦੇ ਮੋਢੀ, ਸ਼ਾਂਤੀ ਦੇ ਮਸੀਹਾ ਤੇ ਮਹਾਨ ਉਪਦੇਸ਼ਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰ. ਐੱਸ. ਬੀ. ਨਾਯਰ ਦੀ ਸਰਪ੍ਰਸਤੀ ਹੇਠ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ 10ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਮਧੁਰ ਸ਼ਬਦ ਗਾਇਨ ਕਰਦਿਆਂ ਕੀਤੀ ਗਈ। ਇਸ ਉਪਰੰਤ ਮਹਿਕਪ੍ਰੀਤ ਕੌਰ (10ਵੀਂ) ਅਤੇ ਖ਼ੁਸ਼ਮੀਤ ਕੌਰ (ਦੂਸਰੀ) ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਸਿੱਖਿਆਵਾਂ ਆਪਣੇ ਵਿਚਾਰਾਂ ਰਾਹੀਂ ਸਾਰਿਆਂ ਸਨਮੁੱਖ ਰੱਖੀਆਂ। ਇਸ ਦੇ ਨਾਲ ਹੀ ਐੱਲ. ਕੇ. ਜੀ. ਦੇ ਵਿਦਿਆਰਥੀ ਮਨਕੀਰਤ ਨੇ ਮੂਲ ਮੰਤਰ ਦਾ ਜਾਪ ਕਰਦਿਆਂ ਸਾਰਿਆਂ ਨੂੰ ਨਾਮ ਜਪਣ ਦੀ ਪ੍ਰੇਰਣਾ ਦਿੱਤੀ। ਪ੍ਰੋਗਰਾਮ ਦੇ ਅਗਲੇ ਪੜਾਅ ਵਿੱਚ ਸਕੂਲੀ ਵਿਦਿਆਰਥੀ ਪ੍ਰਭਾਤ ਫੇਰੀ ਲਈ ਪੰਜ ਪਿਆਰੇ ਦੇ ਰੂਪ ਵਿੱਚ ਸਜੇ ਤੇ ਸਕੂਲ ਦੇ ਚਾਰਾਂ ਬਲਾਕਾਂ ਦੇ ਦੁਆਲੇ ਘੁੰਮਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਾਇਨ ਕੀਤਾ ਗਿਆ ਜਿਸ ਵਿੱਚ ਨੌਂਵੀ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਨਾਲ ਸੰਬੰਧਤ ਮਧੁਰ ਧਾਰਨਾਵਾਂ ਗਾਉਂਦਿਆਂ ਹੋਇਆਂ ਪ੍ਰਭਾਤ ਫੇਰੀ ਨੂੰ ਸਫ਼ਲ ਬਣਾਇਆ। ਇਸ ਦੌਰਾਨ ਬਲਾਕ ਏ ਦੀ ਅਧਿਆਪਕਾ ਮੈਡਮ ਜਸਵੀਰ ਕੌਰ ਤੇ ਸਤਿੰਦਰ ਕੌਰ ਦੁਆਰਾ ਵੀ ਨਾਮ ਜਪੋ, ਵੰਡ ਛਕੋ ਤੇ ਕਿਰਤ ਕਰੋ ਦੇ ਸਿਧਾਂਤਾਂ ਦੀ ਸਿੱਖਿਆ ਦਿੰਦੇ ਹੋਏ ਸ਼ਬਦ ਦੀ ਪੇਸ਼ਕਾਰੀ ਕੀਤੀ ਗਈ। ਸਕੂਲੀ ਵਿਦਿਆਰਥੀਆਂ ਤੇ ਪੰਜਾਬੀ ਵਿਭਾਗ ਦੇ ਅਧਿਆਪਕਾ ਜਸਵੀਰ ਕੌਰ ਤੇ ਰਵਿੰਦਰ ਕੌਰ ਦੁਆਰਾ ਆਨੰਦ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਦੇਗ ਵਰਤਾਈ ਗਈ। ਪ੍ਰੋਗਰਾਮ ਦੇ ਅੰਤਮ ਪੜਾਅ ਦੌਰਾਨ ਸਕੂਲ ਪ੍ਰਿੰ. ਐੱਸ. ਬੀ. ਨਾਯਰ ਤੇ ਮੈਨੇਜਮੈਂਟ ਮੈਂਬਰ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਸਮੁੱਚੇ ਸਕੂਲ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਸਾਰੇ ਵਿਦਿਆਰਥੀਆਂ ਨੂੰ ਆਪਣੇ-ਆਪਣੇ ਧਰਮ ਵਿੱਚ ਪਰਿਪੱਕ ਰਹਿ ਕੇ ਸੁਚੱਜਾ ਤੇ ਰਹਿਤਮਈ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

# ਸ਼ਹੀਦ ਗਹਿਲ ਸਿੰਘ ਯਾਦਗਾਰੀ ਮੇਲੇ 'ਚ ਸੇਂਟ ਸੋਲਜਰ ਸਕੂਲ ਦੇ ਬੱਚਿਆਂ ਨੇ ਮਾਰੀਆਂ ਮੱਲਾਂ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸ਼ਹੀਦ ਗਹਿਲ ਸਿੰਘ ਯਾਦਗੀਰੀ ਮੇਲੇ ਵਿੱਚ ਸੇਂਟ ਸੋਲਜਰ ਦੇ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਭਾਈ ਲਾਲੋ ਦੇ ਵਾਰਸ ਕਿਰਤੀਆਂ ਦੀ ਘਾਲਣਾ ਅਤੇ ਸੰਘਰਸ਼ਾਂ ਨੂੰ ਸਮਰਪਿਤ ਸ਼ਹੀਦ ਗਹਿਲ ਸਿੰਘ ਯਾਦਗਾਰੀ 19ਵਾਂ ਇਨਕਲਾਬੀ ਮੇਲਾ ਛੱਜਲਵੱਡੀ ਵਿਖੇ 18-19 ਨਵੰਬਰ, 2023 ਨੂੰ ਮਨਾਇਆ ਗਿਆ, ਜਿਸ ਵਿੱਚ ਸੇਂਟ ਸੋਲਜਰ ਈਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਦੇ ਬੱਚਿਆਂ ਨੇ ਸ਼ਾਨਦਾਰ ਪੁਜ਼ੀਸ਼ਨਾਂ ਹਾਸਿਲ ਕੀਤੀਆਂ। ਇਸ ਪ੍ਰੋਗਰਾਮ ਦੌਰਾਨ ਗੀਤ ਮੁਕਾਬਲੇ ਵਿੱਚ ਗੁਰਨੂਰ ਸਿੰਘ ਨੇ ਪਹਿਲੀ, ਸਪੀਚ ਮੁਕਾਬਲੇ ਵਿੱਚ ਜੰਨਤਪ੍ਰੀਤ ਕੌਰ ਨੇ ਤੀਸਰੀ, ਪੇਂਟਿੰਗ ਸੀਨੀਅਰ ਵਿੱਚ ਕਿਰਨਦੀਪ ਕੌਰ ਨੇ ਪਹਿਲੀ, ਪੇਂਟਿੰਗ ਜੂਨੀਅਰ ਵਿੱਚ ਗੁਰਸ਼ਰਨ ਸਿੰਘ ਨੇ ਦੂਸਰੀ ਅਤੇ ਪੇਂਟਿੰਗ ਸਬ ਜੂਨੀਅਰ ਵਿੱਚ ਪਰਨੀਤ ਕੌਰ ਨੇ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ। ਇਨ੍ਹਾਂ ਬੱਚਿਆਂ ਦੀ ਅਗਵਾਈ ਅਧਿਆਪਕ ਜਸਬੀਰ ਸਿੰਘ, ਗੁਰਵਿੰਦਰ ਸਿੰਘ ਅਤੇ ਡਾਂਸ ਅਧਿਆਪਕ ਸਿੰਕਦਰ ਸਿੰਘ ਰੈਮੋ, ਅਜੈ ਕੁਮਾਰ ਢੋਲਕ ਮਾਸਟਰ, ਸੰਦੀਪ ਸਿੰਘ, ਜਗਰੂਪ ਕੌਰ ਅਤੇ ਰਮਨਦੀਪ ਕੌਰ ਨੇ ਕੀਤੀ। ਜੇਤੂ ਹੋਣ 'ਤੇ ਸਕੂਲ ਪਹੁੰਚਣ 'ਤੇ ਸਟਾਫ ਅਤੇ ਮੈਨੇਜਮੈਂਟ 'ਚ ਡਾ. ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰ. ਅਮਰਪ੍ਰੀਤ ਕੌਰ, ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਨੀਲਾਕਸੀ ਗੁਪਤਾ ਅਤੇ ਰਾਜਵਿੰਦਰ ਕੌਰ ਨੇ ਬੱਚਿਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

# ਗੈਰ-ਕਾਨੂੰਨੀ ਢੰਗ ਨਾਲ ਰਾਤ ਸਮੇਂ ਤਿੱਬੜੀ ਨਹਿਰ 'ਚੋਂ ਰੇਤਾ ਕੱਢਣ ਦਾ ਮਾਮਲਾ ਸਾਹਮਣੇ ਆਇਆ

## * ਰੇਤਾ ਚੋਰੀ ਕਰਨ ਵਾਲਿਆਂ ਖਿਲਾਫ ਸ਼ਿਕਾਇਤ ਦਰਜ ਕਰਵਾਈ ਜਾਵੇਗੀ: ਐੱਸ.ਡੀ.ਓ.

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਸਰਕਾਰ ਵੱਲੋਂ ਗੈਰ-ਕਾਨੂੰਨੀ ਮਾਈਨਿੰਗ ਵਿਰੁੱਧ ਸਖਤ ਕਦਮ ਚੁੱਕਣ ਦੇ ਬਾਵਜੂਦ ਮਾਈਨਿੰਗ ਮਾਫੀਆ ਵੱਲੋਂ ਥਾਣਾ ਪੁਰਾਣਾਸ਼ਾਲਾ ਅਧੀਨ ਪੈਂਦੇ ਤਿੱਬੜੀ ਨਹਿਰ ਦੇ ਇਲਾਕੇ ਵਿੱਚੋਂ ਗੁਪਤ ਤਰੀਕੇ ਨਾਲ ਰੇਤ ਦੀ ਨਿਕਾਸੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਨਹਿਰ ਵਿੱਚੋਂ ਰੇਤ ਦੀ ਚੋਰੀ ਹੋਣ ਕਾਰਨ ਨਹਿਰ ਦੀ ਡੂੰਘਾਈ ਵਿੱਚ ਵਾਧਾ ਹੋਣਾ ਸੁਭਾਵਿਕ ਹੈ ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਬੰਧੀ ਜਲਦੀ ਹੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇਗੀ ਤਾਂ ਜੋ ਨਹਿਰ ਵਿੱਚੋਂ ਰੇਤਾ ਆਦਿ ਕੱਢਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਸਕੇ। ਇਕੱਠੀ ਕੀਤੀ ਜਾਣਕਾਰੀ ਅਨੁਸਾਰ ਨਹਿਰੀ ਵਿਭਾਗ ਵੱਲੋਂ ਤਿੱਬੜੀ ਨਹਿਰ ਨਾਲ ਜੁੜੇ ਜ਼ਿਲ੍ਹਾ ਅੰਮ੍ਰਿਤਸਰ ਦੇ ਕੁਝ ਖੇਤਰ ਅਤੇ ਸਠਿਆਲੀ ਖੇਤਰ ਵਿੱਚ ਡਰੇਨਾਂ ਦੀ ਮੁਕੰਮਲ ਸਫਾਈ ਲਈ ਤਿੱਬੜੀ ਨਹਿਰ ਨੂੰ ਕੁਝ ਦਿਨਾਂ ਤੋਂ ਬੰਦ ਕਰ ਦਿੱਤਾ ਗਿਆ ਹੈ। ਨਹਿਰੀ ਪਾਣੀ ਬੰਦ ਹੋਣ ਕਾਰਨ ਪਹਾੜਾਂ ਤੋਂ ਵਗਦੀ ਰੇਤ ਨਹਿਰ ਵਿੱਚ ਸਾਫ ਨਜ਼ਰ ਆ ਰਹੀ ਹੈ ਅਤੇ ਨਹਿਰ ਦੇ ਅੰਦਰ ਰੇਤ ਦੇ ਢੇਰ ਲੱਗੇ ਹੋਏ ਹਨ। ਇਸ ਰੇਤ 'ਤੇ ਮਾਈਨਿੰਗ ਮਾਫੀਆ ਦੀ ਨਜ਼ਰ ਆ ਗਈ, ਜਿਨ੍ਹਾਂ ਨੇ ਰਾਤ ਸਮੇਂ ਨਹਿਰ 'ਚੋਂ ਭਾਰੀ ਮਾਤਰਾ 'ਚ ਰੇਤਾ ਕੱਢਣ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਨਿਯਮਾਂ ਅਨੁਸਾਰ ਮਾਈਨਿੰਗ ਵਿਭਾਗ ਦੀ ਮਨਜ਼ੂਰੀ ਤੋਂ ਬਿਨਾਂ ਨਹਿਰਾਂ, ਨਦੀਆਂ ਆਦਿ ਵਿੱਚੋਂ ਰੇਤ ਕੱਢਣ 'ਤੇ ਪਾਬੰਦੀ ਹੈ ਪਰ ਮਾਈਨਿੰਗ ਮਾਫੀਆ ਰਾਤ ਸਮੇਂ ਤਿੱਬੜੀ ਨਹਿਰ ਵਿੱਚੋਂ ਖੁੱਲ੍ਹੇਆਮ ਰੇਤ ਕੱਢ ਰਿਹਾ ਹੈ ਅਤੇ ਸ਼ਾਇਦ ਇਸ ਨੂੰ ਰੋਕਣ ਵਾਲਾ ਕੋਈ ਨਹੀਂ ਹੈ। ਇਸ ਸਬੰਧੀ ਜਦੋਂ ਨਹਿਰੀ ਵਿਭਾਗ ਦੇ ਸਬੰਧਤ ਐੱਸਡੀਓ ਸੰਜੀਵ ਸ਼ਰਮਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਖੇਤਰ ਅਤੇ ਸਠਿਆਲੀ ਖੇਤਰ ਦੇ ਆਸ-ਪਾਸ ਦੀ ਡਰੇਨਾਂ ਸਫਾਈ ਲਈ ਤਿੱਬੜੀ ਨਹਿਰ ਦਾ ਪਾਣੀ ਫਿਲਹਾਲ ਬੰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿੱਥੋਂ ਤੱਕ ਨਹਿਰ ਵਿੱਚੋਂ ਰੇਤ ਕੱਢਣ ਦਾ ਸਵਾਲ ਹੈ ਤਾਂ ਇਸ ਰੇਤ ਵਿੱਚ ਮਿੱਟੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜਿਸ ਕਰਕੇ ਇਸ ਦੀ ਵਰਤੋਂ ਕਰਨਾ ਸਹੀ ਨਹੀਂ ਹੁੰਦਾ, ਫਿਲਹਾਲ ਨਹਿਰ 'ਚੋਂ ਰੇਤਾ ਕੱਢਣ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇਗੀ ਅਤੇ ਜੋ ਵੀ ਵਿਅਕਤੀ ਨਹਿਰ 'ਚੋਂ ਰੇਤਾ ਕੱਢਣ ਦੀ ਕੋਸ਼ਿਸ਼ ਕਰੇਗਾ ਉਸ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਸੰਤ ਰਾਮਾਨੰਦ ਦੀ ਯਾਦ ਨੂੰ ਸਮਰਪਤ ਸੰਤ ਸਮਾਗਮ ਇਟਲੀ ਵਿਖੇ ਅੱਜ

ਅਲਾਵਲਪੁਰ (ਮਦਨ ਬੰਗੜ)- ਰਵਿਦਾਸੀਆ ਕੌਮ ਦੇ ਮਹਾਨ ਅਮਰ ਸਹੀਦ ਸੰਤ ਰਾਮਾਨੰਦ ਦੀ ਯਾਦ ਨੂੰ ਸਮਰਪਤ ਮਹਾਨ ਸੰਤ ਸਮਾਗਮ 26 ਨਵੰਬਰ ਨੂੰ ਸ੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ ਇਟਲੀ ਵਿਖੇ ਮਹਾਨ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਰਵਿਦਾਸੀਆ ਧਰਮ ਗੁਰੂ ਸ੍ਰੀ 108 ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਅਤੇ ਮਨਦੀਪ ਦਾਸ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।

ਸ੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ ਇਟਲੀ ਵਿਖੇ ਸੋਨੇ ਦੇ ਹਰਿ ਨਿਸ਼ਾਨ ਸੰਤ ਨਿਰੰਜਨ ਦਾਸ ਦੇ ਕਰ ਕਮਲਾਂ ਦੇ ਨਾਲ ਝੁਲਾਏ ਜਾਣਗੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਵਿਜੇ ਹੰਸ ਗੁਰੂ ਯਸ਼ ਗਾਇਨ ਕਰਨਗੇ। ਅਤੁੱਟ ਲੰਗਰ ਵੀ ਵਰਤਾਇਆ ਜਾਵੇਗਾ।

# ਉੱਘੇ ਸਮਾਜਵਾਦੀ ਆਗੂ ਬਲਵੰਤ ਸਿੰਘ ਖੇੜਾ ਨਹੀਂ ਰਹੇ, ਅੰਤਮ ਸੰਸਕਾਰ ਅੱਜ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ,ਓ ਪੀ ਰਾਣਾ)- ਸਿਆਸੀ ਅਤੇ ਅਧਿਆਪਨ ਹਲਕਿਆਂ ਵਿੱਚ ਇਹ ਖਬਰ ਬੜੀ ਦੁੱਖ ਦੇ ਨਾਲ ਪੜ੍ਹੀ ਜਾਵੇਗੀ ਕਿ ਉਘੇ ਸਮਾਜਵਾਦੀ ਆਗੂ, ਚਿੰਤਕ ਅਤੇ ਅਧਿਆਪਕ ਮੁਲਾਜ਼ਮ ਲਹਿਰ ਦੇ ਮੋਢੀ ਬਲਵੰਤ ਸਿੰਘ ਖੇੜਾ ਨਹੀਂ ਰਹੇ। ਇਸ ਸਬੰ

26-Nov-PAGE-7.qxd 11/25/2023 11:05 PM Page 1



# ਮਨਿਸਟੀਰੀਅਲ ਮੁਲਾਜ਼ਮਾਂ ਨੇ ਫੂਕੀ ਸਰਕਾਰ ਦੇ ਝੂਠ ਦੀ ਪੰਡ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਜ਼ ਯੂਨੀਅਨ ਵੱਲੋਂ ਪੰਜਾਬ ਭਰ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ, ਸ਼ਹਿਰ ਦੇ ਚੌਕਾਂ ਵਿੱਚ ਸਰਕਾਰ ਵੱਲੋਂ ਝੂਠੇ ਲਾਰਿਆਂ ਦੀਆਂ ਪੰਡਾਂ ਫੂਕੀਆਂ ਗਈਆਂ। ਇਸ ਜ਼ਿਲ੍ਹੇ ਵਿੱਚ ਝੂਠ ਦੀ ਪੰਡ ਜੇਲ੍ਹ ਚੌਕ ਵਿੱਚ ਫੂਕੀ ਗਈ। ਜਿਸ ਵਿੱਚ ਇਸ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਦੇ ਮਨਿਸਟੀਰੀਅਲ ਕਰਮਚਾਰੀਆਂ ਅਤੇ ਭਰਾਤਰੀ ਯੱਥੇਬੰਦੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸਮੂਹ ਵਿਭਾਗਾਂ ਵੱਲੋਂ ਡੀ.ਸੀ ਦਫਤਰ ਤੋਂ ਲੈ ਕੇ ਜੇਲ੍ਹ ਚੌਕ ਤੱਕ ਵੱਡੇ ਕਾਫਲੇ ਦੇ ਰੂਪ ਵਿੱਚ ਸੜਕ 'ਤੇ ਮਾਰਚ ਕੀਤਾ। ਇਹ ਮੁਲਾਜ਼ਮ ਪੰਜਾਬ ਸਰਕਾਰ ਮੁਰਦਾਬਾਦ, ਝੂਠੇ ਲਾਰਿਆਂ ਵਾਲੀ ਸਰਕਾਰ ਮੁਰਦਾਬਾਦ ਦੇ ਨਾਅਰੇ ਲਗਾਉਂਦੇ ਹੋਏ ਜੇਲ੍ਹ ਚੌਕ ਪੁੱਜੇ ਤੇ ਉਥੇ ਝੂਠ ਦੀ ਪੰਡ ਨੂੰ ਫੂਕਿਆ ਗਿਆ। ਇਹ ਸਾਰਾ ਮਾਰਚ ਜ਼ਿਲਾ ਪ੍ਰਧਾਨ ਅਨੀਰੁੱਧ ਮੋਦਗਿੱਲ ਅਤੇ ਜਨਰਲ ਸਕੱਤਰ ਜਸਵੀਰ ਸਿੰਘ ਧਾਮੀ ਦੀ ਅਗਵਾਈ ਵਿੱਚ ਕੀਤਾ ਗਿਆ। ਡੀ.ਸੀ ਦਫਤਰ ਦੀ ਅਗਵਾਈ ਸਪੁਰਡੰਟ ਬਲਕਾਰ ਸਿੰਘ, ਦਿਲਬਾਗ ਸਿੰਘ, ਇਰੀਗੇਸ਼ਨ ਦੀ ਅਗਵਾਈ ਮੰਗਲ ਸਿੰਘ, ਸੰਦੀਪ ਸੰਧੀ, ਸੁਖਵਿੰਦਰ ਸਿੰਘ, ਗੁਰਦੀਪ ਸਿੰਘ ਵੱਲੋਂ ਕੀਤੀ ਗਈ, ਗੁਸ਼ੰਕਰ ਤੋਂ ਸੰਦੀਪ ਸ਼ਰਮਾ, ਟਾਂਡਾ ਤੋਂ ਰਵਿੰਦਰ ਸਿੰਘ , ਲੋਕ ਨਿਰਮਾਣ ਵਿਭਾਗ ਤੋਂ ਹਰਕਮਲ ਸਿੰਘ, ਬਲਜੀਤ ਕੌਰ , ਸਿਹਤ ਵਿਭਾਗ ਤੋਂ ਦਵਿੰਦਰ ਭੱਟੀ, ਸਿੱਖਿਆ ਵਿਭਾਗ ਤੋਂ ਬਿਕਰਮਜੀਤ ਸਿੰਘ ਆਹਲੂਵਾਲੀਆ, ਰਵਿੰਦਰ ਫਰਵਾਹਾ, ਰੋਜਗਾਰ ਦਫਤਰ ਤੋਂ ਸਾਥੀ ਗੁਰਜੀਤ ਸਿੰਘ , ਆਈ.ਟੀ.ਆਈ ਤੋਂ ਸਾਥੀ ਸੁਪਰਡੰਟ ਜਸਵਿੰਦਰ ਸਿੰਘ , ਖਜ਼ਾਨਾ ਦਫਤਰ ਤੋਂ ਸਾਥੀ ਪੁਸ਼ਪਿੰਦਰ ਪਾਠਣੀਆਂ, ਜ਼ਿਲ੍ਹਾ ਸਿੱਖਿਆ ਦਫਤਰ ਤੋਂ ਸਾਥੀ ਸਤਵਿੰਦਰ ਸਿੰਘ, ਬਲਬੀਰ ਸਿੰਘ, ਭੁਪਿੰਦਰ ਕੁਮਾਰ, ਰਾਜ ਕੁਮਾਰ, ਗੁਰਮਿੰਦਰ ਕੌਰ, ਹਰਵਿੰਦਰ ਕੌਰ ਦੀ ਅਗਵਾਈ 'ਚ ਮੁਲਾਜ਼ਮ ਸ਼ਾਮਲ ਹੋਏ ।ਮਾਰਚ ਵਿੱਚ ਜੱਥੇਬੰਦੀ ਦੇ ਸਾਬਕਾ ਜਨਰਲ ਸਕੱਤਰ ਜਸਵੀਰ ਸਿੰਘ ਸਾਧਰਾ ਵੀ ਸ਼ਾਮਲ ਹੋਏ। ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਸਿੰਘ ਧਾਮੀ ਵੱਲੋਂ ਸਰਕਾਰ ਮੁਲਾਜ਼ਮ ਮਾਰੂ ਫੈਸਲਿਆਂ ਦੀ ਨਿਖੇਧੀ ਕੀਤੀ ਗਈ। ਮੋਦਗਿੱਲ ਨੇ ਕਿਹਾ ਕਿ ਇਹ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਪ੍ਰਤੀ ਸੰਘਰਸ਼ ਕਰ ਰਹੇ ਹਨ ਸਰਕਾਰ ਇਹਨਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਕਰ ਰਹੀ ਹੈ। ਸਰਕਾਰ ਨੇ ਮੁਲਾਜ਼ਮਾਂ ਨਾਲ ਸੱਤਾ ਵਿੱਚ ਆਉਣ ਤੋਂ ਪਹਿਲਾਂ ਕਈ ਝੂਠੇ ਵਾਅਦੇ ਕੀਤੇ।

ਜਿਸ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ ਕਰਨਾ, ਡੀ.ਏ ਦੀ ਕਿਸ਼ਤਾਂ ਜਾਰੀ ਕਰਨਾ, ਪੇ-ਕਮਿਸ਼ਨ ਦਾ ਬਕਾਇਆ ਦੇਣਾ, ਟਾਇਪ-ਟੈਸਟ ਦੀ ਥਾ ਤੇ ਕੰਪਿਊਟਰ ਟ੍ਰੇਨਿੰਗ ਲਾਗੂ ਕਰਨਾ, 15-01-2015 ਅਤੇ 17-07-2020 ਦੇ ਪੱਤਰਾਂ ਨੂੰ ਰੱਦ ਕਰਨਾ, ਸੁਪਰਡੰਟ ਦੀ ਤਰੱਕੀ ਲਈ 8 ਸਾਲ ਤਜਰਬਾ ਖਤਮ ਕਰਨ ਆਦਿ ਸ਼ਾਮਲ ਹਨ। ਉਨ੍ਹਾਂ ਕਿ ਸੰਘਰਸ਼ 28 ਨਵੰਬਰ ਤੱਕ ਜਾਰੀ ਰਹੇਗਾ।

## ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ 'ਚ ਕਵਿਤਾ ਉਚਾਰਨ ਤੇ ਕਵੀਸ਼ਰੀ ਮੁਕਾਬਲੇ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** -ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਪੂਰਾ ਹਫਤਾ ਮਨਾਉਂਦੇ ਹੋਏ ਵਾਹਿਗੁਰੂ ਸਿਮਰਨ, ਕਵਿਤਾ ਉਚਾਰਨ, ਕਵੀਸ਼ਰੀ ਮੁਕਾਬਲੇ, ਗੁਰੂ ਜੀ ਦੇ ਜੀਵਨ ਤੇ ਤਿਆਗ ਨਾਲ ਸਬੰਧਤ ਸਾਖੀਆਂ ਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਜਿਸ ਦੁਆਰਾ ਬੱਚਿਆਂ ਵਿੱਚ ਨੈਤਿਕਤਾ, ਇਕਜੁੱਟਤਾ, ਮਿਲਵਰਤਣ ਵਰਗੀਆਂ ਭਾਵਨਾਵਾਂ ਦਾ ਸੰਚਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਬੱਚਿਆਂ ਵੱਲੋਂ ਇਨ੍ਹਾਂ ਗਤੀਵਿਧੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚਲਦੇ ਹੋਏ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਗਈ।

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁੱਖ ਦਫ਼ਤਰ ਦੇ ਮੁਲਾਜ਼ਮਾਂ ਨੇ ਕੀਤਾ ਕੰਮਕਾਜ ਠੱਪ

**ਮੋਹਾਲੀ (ਗੁਰਜੀਤ ਬਿੱਲਾ)** 5ਵੀਂ-8ਵੀਂ ਦੀ ਪ੍ਰੀਖਿਆ ਫੀਸ ਦੀ ਪਿਛਲੇ 4 ਸਾਲਾਂ ਤੋਂ ਬਕਾਇਆ ਪਈ ਰਾਸ਼ੀ ਅਤੇ ਸਾਲ 2024-25 ਲਈ ਛਪਾਈਆਂ ਜਾਣ ਵਾਲੀਆਂ ਪਾਠ ਪੁਸਤਕਾਂ ਲਈ ਅਡਵਾਂਸ ਰਾਸ਼ੀ ਕਰਵਾਉਣ ਦੀ ਮੰਗ ਨੂੰ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਕਰਮਚਾਰੀ ਐਸੋਸੀਏਸ਼ਨ ਵੱਲੋਂ ਗੇਟ ਰੈਲੀ ਕਰਕੇ ਬੋਰਡ ਦੇ ਮੁੱਖ ਦਫ਼ਤਰ ਦਾ ਸਮੁੱਚਾ ਕੰਮਕਾਜ ਠੱਪ ਕੀਤਾ। ਬੋਰਡ ਦੇ ਮੁੱਖ ਦਫ਼ਤਰ ਦੇ ਸਮੁੱਚੇ ਮੁਲਾਜ਼ਮਾਂ ਤੋਂ ਇਲਾਵਾ ਪੰਜਾਬ ਵਿੱਚ ਸਥਿਤ ਬੋਰਡ ਦੇ ਖੇਤਰੀ ਦਫ਼ਤਰਾਂ ਦੇ ਮੁਲਾਜ਼ਮਾਂ ਵੱਲੋਂ ਵੀ ਰੋਸ ਵਜੋਂ ਆਪਣਾ ਕੰਮ ਕਾਜ ਠੱਪ ਕੀਤਾ ਗਿਆ। ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਪਰਵਿੰਦਰ ਸਿੰਘ ਖੰਗੂੜਾ ਅਤੇ ਜਨਰਲ ਸਕੱਤਰ ਸੁਖਚੈਨ ਸਿੰਘ ਸੈਣੀ ਨੇ ਸਰਕਾਰ ਤੇ ਆਪਣਾ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਬੀਤੇ ਦਿਨ ਸਿੱਖਿਆ ਮੰਤਰੀ ਵੱਲੋਂ ਕੀਤੀ ਗਈ ਮੀਟਿੰਗ ਵਿੱਚ 5ਵੀਂ-8ਵੀਂ ਦੀ ਪ੍ਰੀਖਿਆ ਲਈ ਪੋਰਟਲ ਖੋਲ੍ਹਣ ਦੇ ਬੋਰਡ ਅਧਿਕਾਰੀਆਂ ਨੂੰ ਆਦੇਸ਼ ਕੀਤੇ ਗਏ ਹਨ। ਇਸ ਤੋਂ ਇਲਾਵਾ ਸੈਸ਼ਨ 2024-25 ਲਈ ਪਾਠ ਪੁਸਤਕਾਂ ਦੀ ਛਪਾਈ ਲਈ ਲੋੜੀਂਦੀ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਗਿਆ ਹੈ। ਆਗੂਆਂ ਨੇ ਕਿਹਾ ਕਿ ਬੋਰਡ ਦਫ਼ਤਰ ਇਹ ਕਾਰਜ ਕਰਨ ਲਈ ਤਿਆਰ ਹੈ ਪਰੰਤੂ ਸਰਕਾਰ ਪਹਿਲਾਂ ਪ੍ਰੀਖਿਆਵਾਂ ਦੀ ਬਣਦੀ ਬਕਾਇਆ ਰਾਸ਼ੀ ਅਤੇ ਪ੍ਰਿੰਟਿਗ ਤੇ ਆਉਣ ਵਾਲੇ ਖਰਚੇ ਲਈ ਰਾਸ਼ੀ ਬੋਰਡ ਦਫ਼ਤਰ ਨੂੰ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਬੋਰਡ ਦਫ਼ਤਰ ਨੂੰ ਜਾਰੀ ਰਾਸ਼ੀ ਕਰਨ ਦੀ ਥਾਂ ਤੇ ਦਬਾਅ ਬਣਾ ਕੇ ਇਹ ਕਾਰਜ ਸ਼ੁਰੂ ਕਰਵਾਉਣਾ ਚਾਹੁੰਦੀ ਹੈ। ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਆਗੂਆਂ ਨੇ ਕਿਹਾ ਕਿ ਭਾਵੇਂ ਸਰਕਾਰ ਵੱਲੋਂ ਇਸ ਸੰਬੰਧੀ ਰਾਸ਼ੀ ਜਾਰੀ ਕਰਨ ਸਬੰਧੀ ਜ਼ੁਬਾਨੀ ਭਰੋਸਾ ਦਿੱਤਾ ਜਾ ਰਿਹਾ ਹੈ ਪਰੰਤੂ ਇਸ ਸਬੰਧੀ ਕੋਈ ਲਿਖਤੀ ਆਦੇਸ਼ ਨਹੀਂ ਜਾਰੀ ਕੀਤੇ ਜਾ ਰਹੇ। ਜਦੋਂ ਤੱਕ ਸਰਕਾਰ ਇਸ ਸਬੰਧੀ ਕੋਈ ਲਿਖਤੀ ਆਦੇਸ਼ ਨਹੀਂ ਜਾਰੀ ਕਰਦੇ, ਸਰਕਾਰ ਦੇ ਭਰੋਸੇ ਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇਕਰ ਸਰਕਾਰ ਨੇ ਬਕਾਇਆ ਰਾਸ਼ੀ ਜਾਰੀ ਨਾ ਕੀਤੀ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਵੀ ਤਿੱਖਾ ਰੂਪ ਦਿੱਤਾ ਜਾਵੇਗਾ। ਇਸ ਮੌਕੇ ਬਲਜਿੰਦਰ ਸਿੰਘ ਬਰਾੜ, ਸੀਮਾ ਸੂਦ, ਪ੍ਰਭਦੀਪ ਸਿੰਘ ਬੋਪਰਾਏ, ਮਲਕੀਤ ਸਿੰਘ ਗੱਗੜ੍ਹ, ਸੁਨੀਲ ਕੁਮਾਰ ਅਰੋੜਾ, ਗੁਰਇਕਬਾਲ ਸਿੰਘ ਸੋਢੀ, ਰਾਜ ਕੁਮਾਰ ਭਗਤ, ਜਸਵੀਰ ਸਿੰਘ ਚੋਟੀਆਂ, ਜਸਪਾਲ ਸਿੰਘ ਟਹਿਣਾ, ਮਨਜਿੰਦਰ ਸਿੰਘ ਹੁਲਕਾ, ਮਨਜੀਤ ਸਿੰਘ ਲਹਿਰਾਗਾਗਾ, ਬਲਜਿੰਦਰ ਸਿੰਘ ਮਾਂਗਟ, ਗੌਰਵ ਸਾਂਪਲਾ, ਸੁਰਿੰਦਰ ਸਿੰਘ ਹਾਜ਼ਰ ਸਨ।

## ਸੇਂਟ ਸੋਲਜਰ ਨੇ ਸ੍ਰੀ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਪੁਰਬ ਮਨਾਇਆ

ਜਲੰਧਰ ( ਇਕਬਾਲ ਸਿੰਘ ਉੱਭੀ )ਜਲੰਧਰ, 24 ਨਵੰਬਰ:- ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਸ ਦੇ ਸਾਰੇ ਸਕੂਲਾਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਸੰਬੰਧੀ ਕਰਵਾਏ ਗਏ ਧਾਰਮਿਕ ਪ੍ਰੋਗਰਾਮ ਦੌਰਾਨ ਸਟਾਫ ਤੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਚੜ੍ਹਾਏ ਅਤੇ ਅਰਦਾਸ ਕਰਦੇ ਹੋਏ ਗੁਰੂ ਸਾਹਿਬ ਨੂੰ ਨਮਨ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਸ਼ਬਦ-ਕੀਰਤਨ ਰਾਹੀਂ ਸਮੂਹ ਸੰਗਤ ਨੂੰ ਨਿਹਾਲ ਕੀਤਾ ਗਿਆ। ਵਾਇਸ ਚੇਅਰਪਰਸ਼ਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਗੁਰੂ ਸਾਹਿਬ ਦੇ ਜੀਵਨ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਮੌਜੂਦ ਰਿਹਾ।

## ਮੁਹੱਲਾ ਕਲੀਨਿਕ ਦਾ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਦੌਰਾ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਭੋਗਪੁਰ ਵਿਖੇ ਖੁੱਲ੍ਹਣ ਜਾ ਰਹੇ ਮੁਹੱਲਾ ਕਲੀਨਿਕ ਦਾ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਦੌਰਾ ਕੀਤਾ ਤੇ ਚੱਲ ਰਹੇ ਕੰਮ ਦਾ ਜਾਇਜਾ ਲਿਆ। ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਨੇ ਇਲਾਕੇ ਦੇ ਲੋਕਾਂ ਨੂੰ ਕਿਹਾ ਕਿ ਇਸ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀਆਂ ਸਿਹਤ ਸੁਵਿਧਾਵਾਂ ਮਿਲਣਗੀਆਂ ਕਿਉਂਕਿ ਛੋਟੀ-ਮੋਟੀ ਬਿਮਾਰੀਆਂ ਦਾ ਇਲਾਜ ਮੁਹੱਲਾ ਕਲੀਨੀਕ ਦੇ 'ਚ ਹੀ ਹੋ ਜਾਂਦਾ ਹੈ। ਇਸ ਨਾਲ ਵੱਡੇ ਹਸਪਤਾਲਾਂ ਵਿੱਚ ਵੀ ਲੋਕਾਂ ਨੂੰ ਜਾਣ ਦੀ ਲੋੜ ਨਹੀਂ ਪਵੇਗੀ। ਜੀਤ ਲਾਲ ਭੱਟੀ ਨੇ ਕਿਹਾ ਇਸ ਤੋਂ ਇਲਾਵਾ ਪਿੰਡ ਢੰਡੋਰ ਵਿਖੇ ਵੀ ਮਹੱਲਾ ਕਲੀਨਿਕ ਖੁੱਲਣ ਜਾ ਰਿਹਾ ਹੈ ਅਤੇ ਲੋਕ ਇਸ ਮੁਹੱਲਾ ਕਲੀਨਿਕ ਦਾ ਵੱਧ ਤੋਂ ਵੱਧ ਫਾਇਦਾ ਉਠਾਉਣਗੇ। ਇਸ ਮੌਕੇ ਉਹਨਾਂ ਨਾਲ ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਪਵਨ ਅਰੋੜਾ ਸਹਿਰੀ ਪ੍ਰਧਾਨ ਵਪਾਰ ਮੰਡਲ, ਸੂਬੇਦਾਰ ਹੰਸ ਰਾਜ, ਗੁਰਦੀਪ ਦੀਪੂ ਤੇ ਸਤਨਾਮ ਸਿੰਘ ਮਨਕੋਟੀਆ ਮੌਜੂਦ ਰਹੇ।

# ਵਿਕਸਤ ਭਾਰਤ ਸੰਕਲਪ ਯਾਤਰਾ ਜ਼ਿਲ੍ਹਾ ਮੋਹਾਲੀ ਦੇ ਕੁਰੜੀ ਵਿਖੇ ਪਹੁੰਚੀ

**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਰਾਜ 'ਚ ਭਾਰਤ ਸਰਕਾਰ ਦੀਆਂ ਸਮੁੱਚੀਆਂ ਸਕੀਮਾਂ ਲੋਕਾਂ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਦੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਵਧੀਕ ਸਕੱਤਰ ਅਲੋਕ ਸ਼ੇਖਰ ਨੇ ਪਿੰਡ ਕੁਰੜੀ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ ਅਤੇ ਵਿਕਾਸ ਭਾਰਤ ਸੰਕਲਪ ਯਾਤਰਾ ਤਹਿਤ ਲਗਾਏ ਗਏ ਕੈਂਪ 'ਚ ਇਕੱਠ ਨੂੰ ਸੰਬੋਧਨ ਕੀਤਾ। ਵਧੀਕ ਸਕੱਤਰ ਸ਼ੇਖਰ ਨੇ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਆਮ ਲੋਕਾਂ ਦੀ ਜਾਗਰੂਕਤਾ ਲਈ ਆਪਣੀਆਂ ਸਕੀਮਾਂ ਨੂੰ ਕੇਂਦਰਿਤ ਕਰਦੇ ਹੋਏ ਲਗਾਏ ਗਏ ਸਾਰੇ ਸਟਾਲਾਂ ਦਾ ਦੌਰਾ ਕੀਤਾ। ਉਨ੍ਹਾਂ ਐਸ ਏ ਐਸ ਨਗਰ ਜ਼ਿਲ੍ਹੇ 'ਚ ਕੇਂਦਰ ਸਰਕਾਰ ਦੀਆਂ ਸਕੀਮਾਂ ਨੂੰ ਲਾਗੂ ਕਰਨ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਇਸ ਮੌਕੇ ਹਾਜ਼ਰ ਸਮੂਹ ਸ਼ਖ਼ਸੀਅਤਾਂ ਨੂੰ ਸਾਰੀਆਂ ਸਰਕਾਰੀ ਸਕੀਮਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਅਤੇ ਆਮ ਲੋਕਾਂ ਦੀ ਜਾਗਰੂਕਤਾ ਲਈ ਕੱਢੀ ਗਈ ਇਸ ਯਾਤਰਾ ਵਿੱਚ ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੀ ਪ੍ਰਚਾਰ ਕਰਨ ਦਾ ਸੁਝਾਅ ਦਿੱਤਾ। ਸਮਾਗਮ 'ਚ ਏ ਡੀ ਸੀ (ਡੀ) ਸ੍ਰੀਮਤੀ ਸੋਨਮ ਚੌਧਰੀ ਨੇ ਵੀ ਸ਼ਿਰਕਤ ਕੀਤੀ ਅਤੇ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਗਰੂਕ ਕੀਤਾ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਸਾਰੀਆਂ ਸਕੀਮਾਂ ਦਾ ਸਹੀ ਤਰੀਕੇ ਨਾਲ ਲਾਭ ਉਠਾਉਣ ਕਿਉਂਕਿ ਵਿਕਾਸ ਭਾਰਤ ਸੰਕਲਪ ਯਾਤਰਾ 26 ਜਨਵਰੀ, 2024 ਤੱਕ ਜ਼ਿਲ੍ਹੇ ਦੇ ਸਾਰੇ ਪਿੰਡਾਂ ਨੂੰ ਕਵਰ ਕਰੇਗੀ।

ਲੀਡ ਜ਼ਿਲ੍ਹਾ ਮੈਨੇਜਰ, ਪੀ ਐਨ ਬੀ, ਮੋਹਾਲੀ, ਐਮ ਕੇ ਭਾਰਦਵਾਜ ਨੇ ਬੈਂਕਾਂ ਦੁਆਰਾ ਚਲਾਈਆਂ ਜਾ ਰਹੀਆਂ ਵਿੱਤੀ ਲਾਭਕਾਰੀ ਸਕੀਮਾਂ ਜਿਵੇਂ ਕਿ ਪੀ ਐਮ ਐਸ ਬੀ ਵਾਈ, ਪੀ ਐਮ ਜੇ ਜੇ ਬੀ ਵਾਈ ਅਤੇ ਅਟਲ ਪੈਨਸ਼ਨ ਯੋਜਨਾ ਬਾਰੇ ਜਾਣੂ ਕਰਵਾਇਆ ਜੋ ਕਿ ਇਸ ਚਲ ਰਹੀ ਮੁਹਿੰਮ ਦਾ ਹਿੱਸਾ ਹਨ। ਬਹੁਤ ਸਾਰੇ ਲੋਕਾਂ ਨੇ ਸਮਾਜਿਕ ਸੁਰੱਖਿਆ ਸਕੀਮਾਂ ਲਈ ਮੌਕੇ 'ਤੇ ਹੀ ਆਪਣਾ ਨਾਮ ਦਰਜ ਕਰਵਾਇਆ।

ਪੈਟਰੋਲੀਅਮ ਕੰਪਨੀਆਂ ਦੇ ਨੁਮਾਇੰਦਿਆਂ ਨੇ ਵੀ ਲੋਕਾਂ ਨੂੰ ਪ੍ਰਧਾਨ ਮੰਤਰੀ ਉਜਵਲਾ ਸਕੀਮ ਬਾਰੇ ਜਾਗਰੂਕ ਕੀਤਾ ਅਤੇ ਲੋਕਾਂ ਨੇ ਉਨ੍ਹਾਂ ਨੂੰ ਧਿਆਨ ਨਾਲ ਸੁਣਿਆ। ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਆਯੂਸ਼ਮਾਨ ਕਾਰਡ ਲਈ ਯੋਗ ਵਿਅਕਤੀਆਂ ਦਾ ਮੌਕੇ 'ਤੇ ਹੀ ਨਾਮ ਦਰਜ ਕਰਵਾਇਆ ਗਿਆ ਅਤੇ ਲੋਕਾਂ ਦੀ ਵੱਖ-ਵੱਖ ਬਿਮਾਰੀਆਂ ਦੀ ਜਾਂਚ ਵੀ ਕੀਤੀ ਗਈ। ਸਮਾਗਮ ਦੌਰਾਨ ਪਿੰਡ ਦੇ ਸਰਪੰਚ ਛੱਜਾ ਸਿੰਘ ਨੇ ਸਾਰੇ ਮਹਿਮਾਨਾਂ ਅਤੇ ਅਧਿਕਾਰੀਆਂ ਦਾ ਸਵਾਗਤ ਕੀਤਾ। ਸਨਜੀਤ ਕੌਂਡਲ ਡਿਪਟੀ ਸਰਕਲ ਹੈੱਡ ਪੀ.ਐਨ.ਬੀ.ਮੋਹਾਲੀ ਨੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਸਮੂਹ ਪਤਵੰਤਿਆਂ ਅਤੇ ਆਮ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਅਹੂਜਾ, ਜ਼ਿਲ੍ਹਾ ਮੈਡੀਕਲ ਕਮਿਸ਼ਨਰ ਡਾ. ਪਰਵਿੰਦਰਪਾਲ ਕੌਰ, ਡੀ.ਐਚ.ਓ. ਸੁਭਾਸ਼ ਕੁਮਾਰ, ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰਪਾਲ ਕੌਰ, ਐਨ.ਐਚ.ਐਲ ਦੇ ਮੈਨੇਜਰ ਗਗਨਦੀਪ ਸਿੰਘ, ਪਿੰਡ ਤੰਗੋਰੀ ਦੇ ਅਧਿਕਾਰਤ ਪੰਚ ਕੁਲਵਿੰਦਰ ਕੌਰ ਅਤੇ ਹੋਰ ਅਧਿਕਾਰੀ ਕਰਮਚਾਰੀ ਮੌਜੂਦ ਸਨ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਸ੍ਰੀ ਬੇ

26-NOV-PAGE-1.qxd 11/25/2023 10:55 PM Page 2



## ਰੂਪ ਵਾਟਿਕਾ ਸਕੂਲ 'ਚ ਗੁਰਪੁਰਬ ਮਨਾਇਆ

**ਜਗਰਾਓਂ (ਅਮਿਤ ਖੰਨਾ)**-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਦੇ ਨੰਨ੍ਹੇ ਮੁੰਨੇ ਬੱਚਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਬੜੇ ਉਤਸ਼ਾਹ ਨਾਲ ਮਨਾਇਆ। ਸਕੂਲ ਦੇ ਕਿੰਡਰਗਾਟਨ ਦੇ ਬੱਚਿਆਂ ਨੇ ਮੂਲ ਮੰਤਰ ਦਾ ਪਾਠ ਕੀਤਾ। ਸਕੂਲ ਦੇ ਬੱਚਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਅੱਗੇ ਮੱਥਾ ਟੇਕਿਆ ਤੇ ਬੱਚਿਆਂ ਵਿੱਚ ਦੇਗ ਦਾ ਪ੍ਰਸਾਦ ਵੰਡਿਆ ਗਿਆ। ਸਕੂਲ ਦੇ ਪ੍ਰਿੰਸੀਪਲ ਵਿਮੀ ਠਾਕੁਰ ਨੇ ਸਾਰਿਆਂ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਨਹੀਂ, ਬਲਕਿ ਸਮੁੱਚੇ ਸੰਸਾਰ ਦੇ ਗੁਰੂ ਹਨ, ਜਿਨ੍ਹਾਂ ਦੀ ਬਾਣੀ ਸਾਂਝੀਵਾਲਤਾ ਦੀ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਾਰੇ ਧਰਮਾਂ ਦੇ ਲੋਕ ਹੀ ਮੰਨਦੇ ਹਨ, ਉਨ੍ਹਾਂ ਨੇ ਬੱਚਿਆਂ ਨੂੰ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਨਿਰਦੇਸ਼ਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ।

## ਵਿਧਾਇਕ ਨੇ ਸਿਹਤ ਮੰਤਰੀ ਨਾਲ ਕੀਤੀ ਮੁਲਾਕਾਤ

**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਸਿੱਖਿਆ ਤੇ ਸਿਹਤ ਸਹੂਲਤਾਂ ਦੇਣ ਲਈ ਬਹੁਤ ਸਾਰੀਆਂ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐੱਮ ਐੱਲ ਏ ਨਾਭਾ ਨੇ ਡਾ. ਬਲਵੀਰ ਸਿੰਘ ਕੈਬਨਿਟ ਮੰਤਰੀ ਸਿਹਤ ਵਿਭਾਗ ਪੰਜਾਬ ਸਰਕਾਰ ਨਾਲ ਮੁਲਾਕਾਤ ਕਰਨ ਉਪਰੰਤ ਕੀਤਾ ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਸ਼ਹਿਰ ਨਾਭਾ ਦੇ ਸਿਵਲ ਹਸਪਤਾਲ ਵਿਖੇ ਨਵਾਂ ਜੱਚਾ ਬੱਚਾ ਸੈਂਟਰ ਬਣ ਕੇ ਤਿਆਰ ਹ, ਜਿਸ ਦਾ ਉਦਘਾਟਨ ਬਹੁਤ ਜਲਦ ਕੀਤਾ ਜਾਵੇਗਾ ਅਤੇ ਨਾਭਾ ਸਿਵਲ ਹਸਪਤਾਲ ਤੇ ਭਾਦਸੋਂ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਹੋਰ ਭਰਤੀ ਸਬੰਧੀ ਵੀ ਸਿਹਤ ਮੰਤਰੀ ਨਾਲ ਗੱਲਬਾਤ ਕੀਤੀ। ਉਨ੍ਹਾ ਦੱਸਿਆ ਕਿ ਨਾਭਾ ਹਲਕੇ ਵਿੱਚ ਹੋਰ ਆਮ ਆਦਮੀ ਕਲਿਨਕ ਖੋਲ੍ਹਣ ਦੀ ਮੰਗ ਵੀ ਸਿਹਤ ਮੰਤਰੀ ਅੱਗੇ ਰੱਖੀ ਹੈ। ਵਿਧਾਇਕ ਦੇਵ ਮਾਨ ਨੇ ਕਿਹਾ ਬਹੁਤ ਜਲਦ ਕੈਬਨਿਟ ਮੰਤਰੀ ਡਾ. ਬਲਵੀਰ ਸਿੰਘ ਹਲਕਾ ਨਾਭਾ ਦਾ ਦੌਰਾ ਕਰਨਗੇ।

## ਬਾਬਾ ਖਾਟੂ ਸ਼ਾਮ ਜੀ ਦੇ ਜਨਮ ਦਿਨ 'ਤੇ ਜਾਗਰਣ ਕਰਵਾਇਆ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੀ ਘਨ੍ਹੈਈਆ ਮਿੱਤਲ ਮੰਡਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਖਾਟੂ ਸ਼ਾਮ ਜੀ ਦੇ ਜਨਮ ਦਿਨ 'ਤੇ ਸ਼੍ਰੀ ਸ਼ਿਵ ਮੰਦਿਰ ਵਿਖੇ ਚੌਥਾ ਵਿਸ਼ਾਲ ਜਾਗਰਣ ਕਰਵਾਇਆ ਗਿਆ, ਜਿੱਥੇ ਕਿ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿਚ ਆਪਣੀ ਹਾਜ਼ਰੀ ਲਵਾ ਕੇ ਬਾਬਾ ਖਾਟੂ ਸ਼ਾਮ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਭਜਨ ਗਾਇਨ ਮਾ: ਨੂਰ ਮਹਿਰਾ ਵੱਲੋਂ ਭਜਨ ਗਾਇਨ ਕੀਤਾ ਗਿਆ। ਇਸ ਮੌਕੇ ਸ਼੍ਰੀ ਸ਼ਿਵ ਮੰਦਿਰ ਨੂੰ ਰੰਗ ਬਿਰੰਗੀਆਂ ਲਾਈਟਾਂ ਤੇ ਗੁਬਾਰਿਆਂ ਨਾਲ ਖੂਬ ਡੈਕੋਰੇਸ਼ਨ ਕੀਤੀ ਗਈ ਸੀ ਤੇ ਭੋਜਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਤੀਰਥ ਸਿੰਘ ਮਾਹਲਾ, ਸੁਖਜੀਤ ਸਿੰਘ ਮਾਹਲਾ, ਸ਼੍ਰੀ ਸ਼ਿਵ ਮੰਦਿਰ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਸ਼੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਦੇ ਪ੍ਰਧਾਨ ਦੀਪਕ ਗਰਗ ਬੌਬੀ, ਵਿਜੇ ਸ਼ਰਮਾ, ਪ੍ਰਾਚੀਨ ਸ਼੍ਰੀ ਸ਼ਿਵ ਸ਼ਨੀ ਮੰਦਿਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਤੇ ਯੋਗੇਸ਼ ਬਾਂਸਲ ਯੋਗੀ, ਸ਼੍ਰੀ ਦੁਰਗਾ ਮੰਦਿਰ ਕਮੇਟੀ ਦੇ ਪ੍ਰਧਾਨ ਕੇਵਲ ਕ੍ਰਿਸ਼ਨ ਬਾਂਸਲ, ਸ਼੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਦੇ ਪ੍ਰਧਾਨ ਵਿਜੇ ਗੁਪਤਾ, ਭਾਰਤੀ ਜਨਤਾ ਪਾਰਟੀ ਮੰਡਲ ਪ੍ਰਧਾਨ ਦੀਪਕ ਤਲਵਾੜ, ਨਵਦੀਪ ਤਲਵਾੜ, ਅਗਰਵਾਲ ਸਭਾ ਦੇ ਪ੍ਰਧਾਨ ਵਿਜੇ ਬਾਂਸਲ, ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ, ਪੰਜਾਬ ਕੋ ਸਕੂਲ ਦੇ ਡਾਇਰੈਕਟਰ ਸੰਦੀਪ ਮਹਿਤਾ, ਮੁਕੇਸ਼ ਅਰੋੜਾ, ਪੰਕਜ ਲੂਥਰਾ, ਸ਼ਿਵਮ ਜੈਦਕਾ, ਸਾਹਿਲ ਠੁਕਰਾਲ, ਅਜੈ ਜਿੰਦਲ, ਪ੍ਰਿੰਸ ਕੁਮਾਰ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

## ਬਾਲ ਮਜ਼ਦੂਰੀ ਰੋਕਣ ਲਈ ਵਪਾਰਕ ਅਦਾਰਿਆਂ ਦੀ ਚੈਕਿੰਗ



**ਮਾਨਸਾ (ਪਮਾਰ)**-ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਦੇ ਆਦੇਸ਼ਾਂ 'ਤੇ ਬਾਲ ਮਜ਼ਦੂਰੀ ਨੂੰ ਰੋਕਣ ਤੇ ਬੱਚਿਆਂ ਦੇ ਮੁੜ ਵਸੇਬੇ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਮਾਨਸਾ ਵਿਖੇ ਚੱਲ ਰਹੀ ਵਿਸ਼ੇਸ਼ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵੱਲੋਂ ਵੱਖ ਵੱਖ ਵਪਾਰਕ ਅਦਾਰਿਆਂ 'ਤੇ ਚੈਕਿੰਗ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਲੇਬਰ ਇੰਸਪੈਕਟਰ ਨਰਿੰਦਰ ਸਿੰਘ ਨੇ ਦੱਸਿਆ ਕਿ ਬੱਚਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਛੋਟੇ ਤੇ ਵੱਡੇ ਵਪਾਰਕ ਅਦਾਰਿਆਂ ਜਿਵੇਂ ਫੈਕਟਰੀਆਂ, ਢਾਬਿਆਂ, ਉਦਯੋਗਾਂ, ਹੋਟਲਾਂ, ਦੁਕਾਨਾਂ, ਭੱਠਿਆਂ, ਉਸਾਰੀ ਸਥਾਨਾਂ ਵਿਖੇ ਬਾਲ ਮਜ਼ਦੂਰੀ ਦੇ ਖਾਤਮੇ ਲਈ ਅਚਨਚੇਤ ਚੈਕਿੰਗ ਕਰਨ ਸਬੰਧੀ ਟੀਮਾਂ ਸਰਗਰਮ ਹਨ। ਉਨ੍ਹਾਂ ਹਦਾਇਤ ਕੀਤੀ ਕਿ ਜੇਕਰ ਕੋਈ ਵੀ ਵਪਾਰੀ ਜਾਂ ਦੁਕਾਨਦਾਰ ਬਾਲ ਮਜ਼ਦੂਰੀ ਕਰਵਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ 'ਦੀ ਚਾਈਲਡ ਐਂਡ ਅਡੋਲਸੈਂਟ ਲੇਬਰ (ਪ੍ਰੋਹੀਬਿਸ਼ਨ ਐਂਡ ਰੈਗੂਲੇਸ਼ਨ) ਐਕਟ 1986' ਤੇ 'ਜੁਵੇਨਾਈਲ ਜਸਟਿਸ ਐਕਟ 2015' ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਤੋਂ ਕਾਊਂਸਲਰ ਰਜਿੰਦਰ ਵਰਮਾ ਨੇ ਦੱਸਿਆ ਕਿ ਚੈਕਿੰਗ ਦੌਰਾਨ ਬਜ਼ਾਰਾਂ 'ਚ 18 ਸਾਲ ਤੋਂ ਘੱਟ ਉਮਰ ਵਾਲੇ ਕੰਮ ਕਰ ਰਹੇ ਬਾਲ ਤੇ ਕਿਸ਼ੋਰ ਬੱਚਿਆਂ ਦੀ ਭਾਲ ਕਰਨ ਲਈ ਚੈਕਿੰਗ ਦੌਰਾਨ ਦੁਕਾਨਦਾਰਾਂ ਕੋਲ ਉਪਲਬਧ ਆਧਾਰ ਕਾਰਡ ਵਾਚਦਿਆਂ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਉਮਰ ਦੀ ਪੜਤਾਲ ਕੀਤੀ ਗਈ। ਇਸ ਤੋਂ ਇਲਾਵਾ ਸ਼ਹਿਰ ਤੋਂ ਬਾਹਰ ਵੱਖ ਵੱਖ ਹੋਟਲਾਂ, ਰੈਸਟੋਰੈਂਟਾਂ ਦੀ ਵੀ ਚੈਕਿੰਗ ਕੀਤੀ ਗਈ। ਇਸ ਮੌਕੇ ਸਿਹਤ ਵਿਭਾਗ ਤੋਂ ਡਾ. ਹੰਸਾ, ਜ਼ਿਲ੍ਹਾ ਬਾਲ ਸੁਰੱਖਿਆ ਦੇ ਸੋਸ਼ਲ ਵਰਕਰ ਭੂਸ਼ਨ ਲਾਲ, ਪੁਲਸ ਵਿਭਾਗ ਤੋਂ ਅਮਨਦੀਪ ਸਿੰਘ, ਹਰਪ੍ਰੀਤ ਕੌਰ, ਗੁਰਵਿੰਦਰ ਸਿੰਘ ਹਾਜ਼ਰ ਸਨ।

## ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਲੱਗਿਆ 'ਫਨ ਮੇਲਾ'

**ਜਗਰਾਓਂ (ਅਮਿਤ ਖੰਨਾ)**-ਸਿੱਧਵਾਂ ਬੇਟ ਇਲਾਕੇ ਦੇ ਸਿਰਮੌਰ ਸੰਸਥਾ ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿੱਚ ਇੱਕ 'ਫਨ ਮੇਲਾ' ਲਗਾਇਆ ਗਿਆ, ਜਿਸ ਵਿੱਚ ਸਕੂਲ ਦੇ ਨਰਸਰੀ ਕਲਾਸ ਤੋਂ ਲੈ ਕੇ ਪਹਿਲੀ ਕਲਾਸ ਤੱਕ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਮੇਲੇ ਵਿੱਚ ਬੱਚਿਆਂ ਦੇ ਮਨੋਰੰਜਨ ਲਈ ਵੱਖ ਵੱਖ ਤਰ੍ਹਾਂ ਦੇ ਝੂਲੇ ਲਗਾਏ ਗਏ। ਮੇਲੇ ਦੀ ਸ਼ੁਰੂਆਤ ਮੈਨੇਜਮੈਂਟ ਕਮੇਟੀ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ ਤੇ ਜਨਰਲ ਸੈਕਰੇਟਰੀ ਅੰਜੂ ਬਾਲਾ, ਮੈਨੇਜਰ ਗਗਨਦੀਪ ਬਾਵਾ ਤੇ ਪ੍ਰਿੰਸੀਪਲ ਮੋਨਾ ਠਾਕੁਰ ਦੁਆਰਾ ਰਿਬਨ ਕੱਟਣ ਤੋਂ ਬਾਅਦ ਕੀਤੀ ਗਈ। ਇਸ ਸਮੇਂ ਮੇਲੇ ਦਾ ਆਨੰਦ ਮਾਣਦੇ ਬੱਚਿਆਂ ਦੀ ਖੁਸ਼ੀ ਤੇ ਉਤਸ਼ਾਹ ਦੇਖਣ ਵਾਲਾ ਸੀ। ਮੇਲੇ ਵਿੱਚ ਮਿੱਕੀ ਮਾਊਸ ਜੰਪਿੰਗ, ਕਾਰ ਰਾਈਡਸ, ਬੰਜਿੰਗ ਜੰਪਿੰਗ, ਬੋਟਿੰਗ ਤੇ ਅਰਮੀ ਟਰੇਨਿੰਗ ਅਦਿ ਰਾਈਡਸ ਵਿਸ਼ੇਸ਼ ਆਕਰਸ਼ਨ ਦਾ ਕੇਂਦਰ ਰਹੇ। ਛੋਟੇ ਬੱਚਿਆਂ ਦੀ ਮਸਤੀ ਦੇਖ ਕੇ ਸਕੂਲ ਦਾ ਮਾਹੌਲ ਬਹੁਤ ਹੀ ਮੌਜ ਮਸਤੀ ਤੇ ਰੌਣਕ ਮੇਲੇ ਵਾਲਾ ਬਣ ਗਿਆ। ਇਸ ਮੌਕੇ ਪੂਰੇ ਸਕੂਲ ਦਾ ਦ੍ਰਿਸ਼ ਵੰਡਰਲੈਂਡ ਤੋਂ ਘੱਟ ਨਹੀਂ ਲੱਗ ਰਿਹਾ ਸੀ। ਬੱਚਿਆਂ ਨੂੰ ਮੇਲੇ ਦੌਰਾਨ ਸਕੂਲ ਵੱਲੋਂ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਹ ਮੇਲਾ ਸਮੂਹ ਸਟਾਫ, ਪ੍ਰਿੰਸੀਪਲ ਸ਼੍ਰੀਮਤੀ ਮੋਨਾ ਠਾਕੁਰ ਤੇ ਨਰਸਰੀ ਤੋਂ ਪਹਿਲੀ ਜਮਾਤ ਤੱਕ ਦੇ ਅਧਿਅਪਕਾਂ ਦੀ ਅਗਵਾਈ ਹੇਠ ਚੜ੍ਹਿਆ। ਇਸ ਮੇਲੇ ਵਿੱਚ ਬੱਚਿਆਂ ਨੂੰ ਪੂਰੀ ਨਿਗਰਾਨੀ ਹੇਠ ਝੂਲਿਆਂ 'ਤੇ ਝੂਲੇ ਦਿਵਾਏ ਗਏ।

## ਸਕੂਲ 'ਚ ਸੁਖਮਨੀ ਸਾਹਿਬ ਦਾ ਪਾਠ ਕਰਾਇਆ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਰਕਾਰੀ ਹਾਈ ਸਕੂਲ ਕਾਵਾਂਵਾਲੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ, ਵਿਦਿਆਰਥੀ ਤੇ ਸਮੂਹ ਸਟਾਫ ਨੇ ਗੁਰੂ ਸਾਹਿਬ ਅੱਗੇ ਹਾਜ਼ਰੀ ਭਰੀ। ਪਾਠ ਉਪਰੰਤ ਸਕੂਲ ਮੁਖੀ ਸ੍ਰੀਮਤੀ ਮੀਨੂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਰਸਤੇ ਉੱਪਰ ਚੱਲਣਾ ਚਾਹੀਦਾ ਹੈ ਤੇ ਇਸ ਸੰਸਾਰ ਨੂੰ ਨੇਕੀ ਤੇ ਰੌਸ਼ਨੀ ਦੇ ਰਾਹ ਵੱਲ ਲੈ ਕੇ ਜਾਣਾ ਚਾਹੀਦਾ ਹੈ। ਪਾਠ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਬਾਪੂ ਗੁਰਨਾਮ ਸਿੰਘ ਸਿੱਧੂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਮਾਜ ਸੇਵੀ ਬਲਜੀਤ ਸਿੰਘ ਪੰਡੋਰੀ (ਲੋਕ ਸੰਪਰਕ ਵਿਭਾਗ) ਦੇ ਸਤਿਕਾਰਯੋਗ ਚਾਚਾ ਗੁਰਨਾਮ ਸਿੰਘ ਸਿੱਧੂ ਦੇ ਅੰਤਿਮ ਸੰਸਕਾਰ ਸਮੇਂ ਬਰਨਾਲਾ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਾਜਿੰਦਰ ਬਰਾੜ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ, ਲੋਕ ਸੰਪਰਕ ਵਿਭਾਗ, ਰਿਸ਼ਤੇਦਾਰਾਂ ਤੇ ਵੱਖ ਵੱਖ ਸੰਸਥਾਵਾਂ ਦੀ ਅਗਵਾਈ ਹੇਠ ਬਾਪੂ ਗੁਰਨਾਮ ਸਿੰਘ ਸਿੱਧੂ ਦੀ ਦੇਹ ਉੱਪਰ ਦੁਸ਼ਾਲੇ ਭੇਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ਭਾਕਿਯੂ ਉਗਰਾਹਾਂ ਦੇ ਆਗੂ ਰਾਜਪਾਲ ਸਿੰਘ ਬੋਪਾਰਾਏ, ਅਕਾਲੀ ਆਗੂ ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਹਰਨੇਕ ਸਿੰਘ ਧਾਲੀਵਾਲ, ਮਨਦੀਪ ਗਰੇਵਾਲ, ਬਲਦੇਵ ਸਿੰਘ ਛਾਪਾ, ਹੈੱਡਮਾਸਟਰ ਕੁਲਦੀਪ ਸਿੰਘ ਕਮਲ, ਜਸਵਿੰਦਰਪਾਲ ਬੁੱਟਰ, ਡਾ: ਪਰਮਿੰਦਰ ਸਿੰਘ ਹਮੀਦੀ, ਪ੍ਰਧਾਨ ਜਗਤਾਰ ਸਿੰਘ ਸਿੰਘ ਜੌਹਲ, ਗੁਰਮੀਤ ਸਿੰਘ ਬਰਨਾਲਾ, ਡਾ: ਜਗਰਾਜ ਸਿੰਘ ਮੂੰਮ, ਮੇਘ ਰਾਜ ਜੋਸ਼ੀ, ਰਮਨਦੀਪ ਸਿੰਘ ਠੁੱਲੀਵਾਲ, ਮੇਜਰ ਸਿੰਘ ਪੰਡੋਰੀ, ਸੁਰਿੰਦਰ ਕੁਮਾਰ ਤੇ ਸਮੂਹ ਪੱਤਰਕਾਰ ਭਾਈਚਾਰੇ ਨੇ ਸਿੱਧੂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਪੁਰਾਣੀ ਪੈਨਸ਼ਨ ਬਹਾਲ ਨਾ ਕਰਨ 'ਤੇ ਸਰਕਾਰ ਦੇ ਲਾਰਿਆਂ ਤੋਂ ਮੁਲਾਜ਼ਮ ਖਫਾ

### ਕੀਤਾ ਜਾਵੇਗਾ ਰੋਸ ਪ੍ਰਦਰਸ਼ਨ ਤੇ ਪੁੱਛੇ ਜਾਣਗੇ ਸਵਾਲ : ਜਥੇਬੰਦੀ ਆਗੂ

**ਧੂਰੀ (ਸੁਖਦੇਵ ਧੂਰੀ)**-ਭਾਵੇਂ ਪੰਜਾਬ ਸਰਕਾਰ ਦੁਆਰਾ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਜਾਰੀ ਕੀਤੇ ਨੂੰ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਧਰਾਤਲ 'ਤੇ ਕੱਝ ਨਹੀਂ ਹੋਇਆ, ਨਾ ਐੱਨ. ਪੀ. ਐੱਸ. ਕਟੌਤੀ ਬੰਦ ਹੋਈ ਹੈ ਤੇ ਨਾ ਹੀ ਜੀ ਪੀ ਐੱਫ ਖਾਤੇ ਖੋਲ੍ਹੇ ਗਏ ਹਨ। ਇਹ ਗੱਲ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸਟੇਟ ਕੋ-ਕਨਵੀਨਰ ਜਸਵਿੰਦਰ ਪਸ਼ੌਰ, ਜ਼ਿਲ੍ਹਾ ਕਨਵੀਨਰ ਸਰਬਜੀਤ ਸਿੰਘ ਪੁੰਨਾਂਵਾਲ ਤੇ ਜਨਰਲ ਸਕੱਤਰ ਸਤਵੰਤ ਆਲਮਪੁਰ ਨੇ ਦੱਸੀ ਅਤੇ ਕਿਹਾ ਕਿ 27 ਨਵੰਬਰ ਦੇ ਆਪ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਧੂਰੀ ਦੌਰੇ ਦੌਰਾਨ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ ਜਾਵੇਗਾ ਤੇ ਪ੍ਰਸ਼ਨ ਪੁੱਛੇ ਜਾਣਗੇ ਕਿ ਜਿਸ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਢਿੰਡੋਰਾ ਬਾਹਰਲੀਆਂ ਸਟੇਟਾਂ ਵਿੱਚ ਪਿੱਟਿਆ ਜਾ ਰਿਹਾ ਹੈ, ਪੰਜਾਬ ਵਿੱਚ ਉਹ ਕਿੱਥੇ ਬਹਾਲ ਹੋਈ ਹੈ। ਆਗੂਆਂ ਨੇ ਇਸ ਗੱਲ ਦਾ ਵੀ ਨੋਟਿਸ ਲਿਆ ਕਿ ਸਰਕਾਰ ਨੇ ਯੂਨੀਅਨ ਨਾਲ ਪੰਜਾਬ ਭਵਨ ਵਿੱਚ 6 ਅਪ੍ਰੈਲ ਨੂੰ ਹੋਈ ਮੀਟਿੰਗ ਵਿੱਚ 2 ਮਹੀਨਿਆਂ ਦਾ ਸਮਾਂ ਮੰਗਿਆ ਸੀ, ਦਸ ਮਹੀਨਿਆਂ ਤੋਂ ਵੱਧ ਦਾ ਸਮਾਂ ਬੀਤ ਗਿਆ, ਪਰ ਹੋਇਆ ਕੁੱਝ ਨਹੀਂ। ਯੂਨੀਅਨ ਆਗੂਆਂ ਨੇ ਦੱਸਿਆ ਕਿ ਜੇਕਰ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਇਸੇ ਤਰ੍ਹਾਂ ਲਟਕਦੀ ਰਹੀ ਤਾਂ ਆਉਣ ਵਾਲੇ ਦਿਨਾਂ ਵਿੱਚ ਤਿੱਖੇ ਸੰਘਰਸ਼ ਦੇਖਣ ਨੂੰ ਮਿਲਣਗੇ।

## ਸਕੂਲ ਤੇ ਕਾਲਜ ਪੱਧਰ ਦੇ ਮੁਕਾਬਲ

26-Nov-PAGE-9.qxd 11/25/2023 11:03 PM Page 1



# ਅਣਮਿੱਥੇ ਸਮੇਂ ਲਈ ਪੈਨ ਡਾਊਨ ਟੂਲ ਡਾਊਨ ਹੜਤਾਲ ਸ਼ੁਰੂ

**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )**-24 ਨਵੰਬਰ ਤੋਂ ਸਮੂਹ ਖੰਡ ਮਿੱਲਾਂ ਦੇ ਕਰਮਚਾਰੀਆਂ ਵੱਲੋਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਅਣਮਿਥੇ ਸਮੇਂ ਲਈ ਪੈਨ ਡਾਊਨ ਟੂਲ ਡਾਊਨ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਸਹਿਕਾਰਤਾ ਵਿਭਾਗ ਵੱਲੋਂ ਕੇਵਲ ਮਿੱਲ ਕਰਮਚਾਰੀਆਂ ਨਾਲ ਹੀ ਵਿਤਕਰਾ ਕੀਤਾ ਜਾ ਰਿਹਾ ਹੈ ਕਿਉਂ ਜੋ ਸਹਿਕਾਰੀ ਖੰਡ ਮਿੱਲਾਂ ਦੇ ਕਰਮਚਾਰੀਆਂ ਦੀਆਂ ਮੰਗਾਂ ਕੱਚੇ ਮੁਲਾਜ਼ਮ ਆਊਟ ਸੋਰਸ ਠੇਕਾ ਆਦਿ ਪੱਕੇ ਕਰਨਾ, 6ਵਾਂ ਪੇ ਕਮਿਸ਼ਨ ਲਾਗੂ ਕਰਨਾ ਅਤੇ ਪੈਂਡਿੰਗ ਮੈਂਤ ਕੇਸਾਂ ਦੇ ਵਾਰਸਾਂ ਦੀ ਨਿਯੁਕਤੀ ਕਰਨਾ ਆਦਿ ਲੰਮੇ ਸਮੇਂ ਤੋਂ ਮੰਗ ਕਰਨ ਦੇ ਬਾਵਜੂਦ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ। ਉਪਰੋਕਤ ਮੰਗਾਂ ਦੀ ਪੂਰਤੀ ਲਈ ਮਿੱਲ ਵਰਕਰਜ਼ ਫੈਡਰੇਸ਼ਨ ਦੇ ਨੁਮਾਇੰਦਿਆਂ ਵੱਲੋਂ 20 ਨਵੰਬਰ ਨੂੰ ਵਿੱਤ ਮੰਤਰੀ, ਪੰਜਾਬ ਨਾਲ ਮੀਟਿੰਗ ਕੀਤੀ ਗਈ ਸੀ। ਜਿਸ ਵਿੱਚ ਉਨ੍ਹਾਂ ਇਹ ਯਕੀਨ ਦਿਵਾਇਆ ਸੀ ਕਿ ਖੰਡ ਮਿੱਲਾਂ ਦੇ ਕਰਮਚਾਰੀਆਂ ਦੀਆਂ ਮੰਗਾਂ ਖੰਡ ਮਿੱਲ ਦੀ ਪਿੜਾਈ ਸੀਜ਼ਨ 2023-24 ਆਰੰਭ ਹੋਣ ਤੋਂ ਪਹਿਲਾਂ ਪਹਿਲਾਂ ਮੰਨ ਲਈਆਂ ਜਾਣਗੀਆਂ। ਪਰੰਤੂ ਫੈਡਰੇਸ਼ਨ ਦੇ ਧਿਆਨ ਵਿੱਚ ਆਇਆ ਹੈ ਕਿ ਮੰਤਰੀ ਵਲੋਂ ਪੂਰਨ ਭਰੋਸਾ ਦੇਣ ਦੇ ਬਾਵਜੂਦ ਸਰਕਾਰ ਵੱਲੋਂ ਇਨ੍ਹਾਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਸਮੇਂ ਵੀ ਰਾਜ ਸਰਕਾਰ ਵੱਲੋਂ ਟਾਲ ਮਟੋਲ ਦੀ ਨੀਤੀ ਅਪਣਾਉਂਦੇ ਹੋਏ ਖੰਡ ਮਿੱਲਾਂ ਨੂੰ ਚਲਾਉਣ ਲਈ ਪਲੈਨਿੰਗ ਸ਼ੁਰੂ ਕਰ ਦਿੱਤੀ ਗਈ ਹੈ, ਪਰ ਕਰਮਚਾਰੀਆਂ ਦੀਆਂ ਮੰਗਾਂ ਦੀ ਪੂਰਤੀ ਲਈ ਅਜੇ ਤੱਕ ਕੋਈ ਵੀ ਕਾਰਵਾਈ ਆਰੰਭ ਨਹੀਂ ਕੀਤੀ ਗਈ, ਜਿਸ ਕਾਰਨ ਖੰਡ ਮਿੱਲ ਦੇ ਕਰਮਚਾਰੀਆਂ ਵਿੱਚ ਬਹੁਤ ਰੋਸ ਹੈ। ਮਜਬੂਰਨ ਮਿੱਲਾਂ ਦੇ ਕਰਮਚਾਰੀਆਂ ਨੂੰ ਦੁਬਾਰਾ ਧਰਨਾ ਸ਼ੁਰੂ ਕਰਨਾ ਪੈ ਰਿਹਾ ਹੈ। ਉਪਰੰਤ ਵਰਕਰਜ਼ ਫੈਡਰੇਸਨ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਸਾਡੀਆਂ ਇਨ੍ਹਾਂ ਮੰਗਾਂ ਦੀ ਪੂਰਤੀ ਨਾ ਹੋਣ ਤੱਕ ਪੰਜਾਬ ਦੀ ਕਿਸੇ ਵੀ ਸਹਿਕਾਰੀ ਖੰਡ ਮਿੱਲ ਦਾ ਪਿੜਾਈ ਸੀਜ਼ਨ 2023-24 ਸ਼ੁਰੂ ਨਹੀਂ ਕੀਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# ਐੱਲ ਪੀ ਯੂ ਦੇ ਸਾਫਟ ਬਾਲਰਸ ਨੇ ਦੇਸ਼ ਭਰ 'ਚ ਸਰਵੋਤਮ ਖਿਡਾਰੀ ਵਜੋਂ ਮਾਨਤਾ ਪ੍ਰਾਪਤ ਕੀਤੀ




**ਜਲੰਧਰ ( ਸ਼ੈਲੀ ਐਲਬਰਟ )**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਪੰਜ ਸਾਫਟਬਾਲ ਖਿਡਾਰੀਆਂ ਨੇ ਹਾਲ ਹੀ 'ਚ ਸ਼੍ਰੀਨਗਰ 'ਚ ਆਯੋਜਿਤ 45ਵੀਂ ਸੀਨੀਅਰ ਨੈਸ਼ਨਲ ਸਾਫਟਬਾਲ ਚੈਂਪੀਅਨਸ਼ਿਪ 'ਚ ਆਪਣੇ-ਆਪਣੇ ਮੁਕਾਬਲਿਆਂ 'ਚ ਗੋਲਡ ਮੈਡਲ ਜਿੱਤੇ ਹਨ। ਉਹ ਪੰਜਾਬ ਰਾਜ ਦੀਆਂ ਪੁਰਸ਼ ਅਤੇ ਮਹਿਲਾ ਦੋਵਾਂ ਟੀਮਾਂ ਦਾ ਹਿੱਸਾ ਸਨ ਜਿਨ੍ਹਾਂ ਨੇ ਵਿਅਕਤੀਗਤ ਤੌਰ 'ਤੇ ਚੈਂਪੀਅਨਸ਼ਿਪ ਜਿੱਤੀ ਹੈ। ਇਸ ਟੂਰਨਾਮੈਂਟ ਵਿੱਚ 27 ਪੁਰਸ਼ ਟੀਮਾਂ ਅਤੇ 25 ਮਹਿਲਾ ਟੀਮਾਂ ਨੇ ਭਾਗ ਲਿਆ ਸੀ ਜਿਸ ਵਿੱਚ ਭਾਰਤ ਭਰ ਤੋਂ 1000 ਤੋਂ ਵੱਧ ਖਿਡਾਰੀ ਅਤੇ ਅਧਿਕਾਰੀ ਸ਼ਾਮਲ ਸਨ। ਮਹਿਲਾ ਟੀਮ ਵਿੱਚ ਐਲ ਪੀ ਯੂ ਦੇ ਹੁਨਰਮੰਦ ਖਿਡਾਰੀਆਂ ਵਿੱਚੋਂ ਹੀਰਾ ਕੁਮਾਰੀ, ਮਨਪ੍ਰੀਤ ਕੌਰ, ਆਰਤੀ ਅਤੇ ਮੱਲਿਕਾ ਸ਼ਾਮਲ ਸਨ ਜਦਕਿ ਸੁਰੇਸ਼ ਪੁਰਸ਼ ਟੀਮ ਦਾ ਹਿੱਸਾ ਸੀ। ਪੰਜਾਬ ਅਤੇ ਮਹਾਰਾਸ਼ਟਰ ਵਿਚਾਲੇ ਖੇਡੇ ਗਏ ਮਹਿਲਾ ਫਾਈਨਲ 'ਚ ਸਾਬਕਾ ਖਿਡਾਰਨ ਨੇ ਗੋਲਡ ਨਾਲ ਖਿਤਾਬ ਆਪਣੇ ਨਾਂ ਕੀਤਾ। ਮਹਾਰਾਸ਼ਟਰ ਅਤੇ ਕੇਰਲ ਦੀਆਂ ਟੀਮਾਂ ਨੇ ਕ੍ਰਮਵਾਰ ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤੇ। ਪੰਜਾਬ ਅਤੇ ਮੱਧ ਪ੍ਰਦੇਸ਼ ਵਿਚਾਲੇ ਖੇਡੇ ਗਏ ਪੁਰਸ਼ ਵਰਗ ਦੇ ਫਾਈਨਲ ਵਿੱਚ ਪੰਜਾਬ ਦੀ ਟੀਮ ਜੇਤੂ ਰਹੀ ਜਦਕਿ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਮੇਜ਼ਬਾਨ ਜੰਮੂ-ਕਸ਼ਮੀਰ ਦਿੱਲੀ ਦੀ ਟੀਮ ਨੂੰ ਹਰਾ ਕੇ ਮੁਕਾਬਲੇ ਵਿੱਚ ਸੱਤਵੇਂ ਸਥਾਨ 'ਤੇ ਰਿਹਾ। ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ, ਐਲ ਪੀ ਯੂ ਦੀ ਪ੍ਰੋ ਚਾਂਸਲਰ ਰਸ਼ਮੀ ਮਿੱਤਲ ਨੇ ਕਿਹਾ ਕਿ ਅਜਿਹੀਆਂ ਚੈਂਪੀਅਨਸ਼ਿਪਾਂ ਖਿਡਾਰੀਆਂ ਵਿੱਚ ਉੱਤਮ ਮੁਕਾਬਲੇ ਅਤੇ ਰਾਸ਼ਟਰੀ ਨਾਇਕਾਂ ਵਜੋਂ ਤਾਜ ਪਹਿਨਾਉਣ ਜਾਣ ਦੀ ਭਾਵਨਾ ਪੈਦਾ ਕਰਦੀਆਂ ਹਨ । ਇਹ ਉਨ੍ਹਾਂ ਨੂੰ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਅਤੇ ਰਾਸ਼ਟਰੀ/ਅੰਤਰਰਾਸ਼ਟਰੀ ਸਨਮਾਨ ਜਿੱਤਣ ਲਈ ਇੱਕ ਵੱਡਾ ਪਲੇਟਫਾਰਮ ਪ੍ਰਦਾਨ ਕਰਦੇ ਹਨ ।ਖੇਡ ਦੀ ਸ਼ੁਰੂਆਤ ਸੰਗੀਤ ਅਤੇ ਮਾਰਸ਼ਲ ਆਰਟਸ ਦੇ ਰਵਾਇਤੀ ਪ੍ਰਦਰਸ਼ਨਾਂ ਨਾਲ ਹੋਈ। ਇਸ ਦਾ ਉਦਘਾਟਨ ਮੇਜ਼ਬਾਨ ਰਾਜ ਦੇ ਸਕੱਤਰ, ਯੁਵਕ ਸੇਵਾਵਾਂ ਅਤੇ ਖੇਡਾਂ (ਵਾਈ ਐਸ ਐਸ) ਨੇ ਕੀਤਾ। ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਜੰਮੂ ਅਤੇ ਕਸ਼ਮੀਰ ਸਪੋਰਟਸ ਕੌਂਸਲ ਦੁਆਰਾ ਦੋਹਰੇ ਸਥਾਨਾਂ ਬਖਸ਼ੀ ਸਟੇਡੀਅਮ ਅਤੇ ਮਲਟੀਪਲ ਸਪੋਰਟਸ ਕੰਪਲੈਕਸ, ਰਾਜਬਾਗ ਵਿਖੇ ਕੀਤੀ ਗਈ ਸੀ। ਡਾ: ਪ੍ਰਵੀਨ ਅਨੋਰਕਰ ਸਮੇਤ ਸਾਫਟਬਾਲ ਐਸੋਸੀਏਸ਼ਨ ਆਫ ਇੰਡੀਆ ਦੇ ਅਹੁਦੇਦਾਰਾਂ ਨੇ ਵੀ ਇਸ ਮੌਕੇ ਹਾਜ਼ਰੀ ਭਰੀ।

# ਮਾਨ ਸਰਕਾਰ ਪੂਰਾ ਕਰਨ ਜਾ ਰਹੀ 1 ਹਜ਼ਾਰ ਰੁਪਏ ਦੇਣ ਦਾ ਵਾਅਦਾ : ਪਰਮਜੀਤ ਚਾਹਲ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪ ਆਗੂ ਪਰਮਜੀਤ ਚਾਹਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਲੈਣ ਜਾ ਰਹੀ ਹੈ ਵੱਡਾ ਫੈਸਲਾ ਜਿਸ ਨੂੰ ਸੁਣ ਕੇ ਔਰਤ ਵਰਗ ਖੁਸ਼ੀ ਵਿੱਚ ਝੂਮਣ ਲੱਗੇਗਾ। ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਸਰਕਾਰ ਔਰਤਾਂ ਨੂੰ ਹਰ ਮਹੀਨੇ ਇਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਪੂਰਾ ਕਰਨ ਜਾ ਰਹੀ ਹੈ। ਤਿਆਰੀਆਂ ਲਗਭਗ ਪੂਰੀਆਂ ਹੋ ਚੁੱਕੀਆਂ ਹਨ ਅਤੇ ਯੋਜਨਾ ਨੂੰ ਚਾਰ ਪੜਾਵਾਂ ਵਿਚ ਲਾਗੂ ਕੀਤਾ ਜਾਵੇਗਾ। ਆਪ ਦੇ ਆਗੂ ਪਰਮਜੀਤ ਚਾਹਲ ਨੇ ਕਿਹਾ ਕਿ ਪੰਜਾਬ ਦੀਆਂ ਲਗਭਗ 80 ਲੱਖ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲਣ ਦੀ ਉਮੀਦ ਹੈ। ਇਸ ਦੀ ਸ਼ੁਰੂਆਤ 1.5 ਲੱਖ ਔਰਤਾਂ ਨਾਲ ਹੋਵੇਗੀ।

ਚਾਰ ਪੜਾਅ ਪੂਰੇ ਹੋਣ ਤੋਂ ਬਾਅਦ ਲਗਭਗ 10 ਲੱਖ ਔਰਤਾਂ ਨੂੰ ਹਰ ਮਹੀਨੇ ਹਜ਼ਾਰ ਰੁਪਏ ਮਿਲਣੇ ਸ਼ੁਰੂ ਹੋ ਜਾਣਗੇ। ਮੁੱਖ ਮੰਤਰੀ ਕਿਸੇ ਵੀ ਸਮੇਂ ਇਸ ਸਕੀਮ ਨੂੰ ਲਾਗੂ ਕਰਨ ਬਾਰੇ ਰਸਮੀ ਐਲਾਨ ਕਰ ਸਕਦੇ ਹਨ। ਪੰਜਾਬ ਵਿਚ ਕੁੱਲ 1.02 ਕਰੋੜ ਮਹਿਲਾ ਵੋਟਰ ਹਨ। ਇਸ ਤਰ੍ਹਾਂ ਸਰਕਾਰ ਹੌਲੀ-ਹੌਲੀ ਲਾਭਪਾਤਰੀ ਔਰਤਾਂ ਦੀ ਗਿਣਤੀ ਵਧਾਏਗੀ। ਮਹਿਲਾ ਤੇ ਬਾਲ ਵਿਕਾਸ ਵਿਭਾਗ ਨੇ ਯੋਜਨਾ ਤਿਆਰ ਕਰਕੇ ਵਿੱਤ ਵਿਭਾਗ ਨੂੰ ਭੇਜ ਦਿੱਤੀ ਹੈ। ਵਿੱਤ ਵਿਭਾਗ ਨਾਲ ਢੁੱਕਵੀਂ ਵਿਚਾਰ-ਚਰਚਾ ਤੋਂ ਬਾਅਦ ਅੰਤਿਮ ਪ੍ਰਵਾਨਗੀ ਲਈ ਫਾਈਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਜੀ ਜਾਵੇਗੀ ਅਤੇ ਬਾਲ ਵਿਕਾਸ ਵਿਭਾਗ ਨੇ ਪਹਿਲੇ ਪੜਾਅ ਲਈ ਪੰਜਾਬ ਦੀਆਂ ਉਨ੍ਹਾਂ ਔਰਤਾਂ ਦੀ ਚੋਣ ਕੀਤੀ ਹੈ, ਜੋ ਇਕੱਲੀਆਂ ਔਰਤਾਂ ਵਜੋਂ ਆਪਣਾ ਜੀਵਨ ਬਤੀਤ ਕਰ ਰਹੀਆਂ ਹਨ। ਇਨ੍ਹਾਂ ਵਿਚ ਵਿਧਵਾ ਔਰਤਾਂ, ਉਨ੍ਹਾਂ ਦੀਆਂ ਧੀਆਂ ਅਤੇ ਉਹ ਔਰਤਾਂ ਸ਼ਾਮਲ ਹਨ ਜੋ ਆਪਣੇ ਪਤੀਆਂ ਤੋਂ ਵੱਖ ਹੋ ਕੇ ਇਕੱਲੀਆਂ ਰਹਿ ਰਹੀਆਂ ਹਨ। ਵਿਭਾਗ ਵੱਲੋਂ ਇਨ੍ਹਾਂ ਔਰਤਾਂ ਦੀ ਸੂਚੀ ਤਿਆਰ ਕਰ ਲਈ ਗਈ ਹੈ। ਜਲਦੀ ਹੀ ਉਨ੍ਹਾਂ ਦੇ ਖਾਤਿਆਂ ਵਿਚ ਇਕ ਹਜ਼ਾਰ ਰੁਪਏ ਜਮ੍ਹਾ ਹੋ ਜਾਣਗੇ। ਇਸਤਰੀ ਤੇ ਬਾਲ ਵਿਕਾਸ ਮੰਤਰੀ ਬਲਜੀਤ ਕੌਰ ਨੇ ਦੱਸਿਆ ਕਿ ਵਿਭਾਗ ਨੇ ਚਾਰ ਪੜਾਵਾਂ ਵਾਲੀ ਯੋਜਨਾ ਤਿਆਰ ਕੀਤੀ ਹੈ। ਇਸ ਨੂੰ ਅੰਤਿਮ ਰੂਪ ਦੇ ਕੇ ਵਿੱਤ ਵਿਭਾਗ ਨੂੰ ਭੇਜ ਦਿੱਤਾ ਹੈ। ਪਹਿਲੇ ਪੜਾਅ ਵਿਚ ਇਕੱਲੀਆਂ ਔਰਤਾਂ ਦੀ ਚੋਣ ਕੀਤੀ ਗਈ ਹੈ।

## ਜਨਮ ਦਿਨ ਮੁਬਾਰਕ

ਪਾਵਨੀ, ਗੁਰਦਾਸਪੁਰ

## ਸ਼ਹਿਨਾਈਆਂ

ਗੁਰਪ੍ਰੀਤ ਸਿੰਘ ਪੁੱਤਰ ਚਮਨ ਸਿੰਘ ਪਿੰਡ ਭਾਨ ਮਜਾਰਾ ਪਤਨੀ ਸਿਮਰਨਜੀਤ ਕੌਰ ਦਾ ਗੁਰਮਰਿਆਦਾ ਨਾਲ ਵਿਆਹ ਹੋਇਆ।

## ਵਰ੍ਹੇਗੰਢ ਮੁਬਾਰਕ

ਹਿੰਮਤਪਾਲ ਸਿੰਘ ਤੇ ਪ੍ਰਭਜੀਤ ਕੌਰ ਗੋਇੰਦਵਾਲ ਸਾਹਿਬ ਤਰਨ ਤਾਰਨ ਨੇ ਵਿਆਹ ਦੀ ਵਰ੍ਹੇਗੰਢ ਮਨਾਈ।

# ਮਾਤਾ ਗੁਜਰੀ ਖ਼ਾਲਸਾ ਕਾਲਜ 'ਚ ਸੰਵਿਧਾਨ ਦਿਵਸ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਕਾਲਜ ਦੇ ਸੋਸ਼ਲ ਸਾਇੰਸ ਵਿਭਾਗ ਅਤੇ ਐਨ.ਐਸ.ਐਸ. ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਕਮਲੇਸ਼ ਰਾਣੀ ਦੁਆਰਾ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਦੇ ਨਿਰਮਾਣ ਦੇ ਇਤਿਹਾਸ ਅਤੇ ਸੰਵਿਧਾਨ ਦਿਵਸ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਅਤੇ ਵਿਦਿਆਰਥੀਆਂ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵੀ ਪੜ੍ਹਾਈ ਗਈ। ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਸੰਵਿਧਾਨ ਦੀ ਪਾਲਣਾ ਕਰਨ ਅਤੇ ਇਸ ਦੀ ਰਾਖੀ ਕਰਨ ਦਾ ਪ੍ਰਣ ਲਿਆ। ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ, ਸਲੋਗਨ ਰਾਇਟਿੰਗ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਸਲੋਗਨ ਰਾਇਟਿੰਗ ਵਿਚ ਆਂਚਲ, ਸੁਮਨ ਅਤੇ ਮਾਨਸੀ, ਪੋਸਟਰ ਮੇਕਿੰਗ ਵਿਚ ਰੇਨੂਕਾ, ਮਹਿਕਪ੍ਰੀਤ ਅਤੇ ਮੀਨਾਕਸ਼ੀ ਨੇ ਅਤੇ ਭਾਸ਼ਣ ਮੁਕਾਬਲੇ ਵਿਚ ਹਰਮਨ ਕੌਰ, ਪ੍ਰਭਜੀਤ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਮੁਕਾਬਲਿਆਂ ਦੀ ਜੱਜਮੈਂਟ ਪ੍ਰੋ. ਕਿਰਨਪ੍ਰੀਤ ਕੌਰ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਸਰਬਜੀਤ ਕੌਰ ਅਤੇ ਪ੍ਰੋ. ਕੁਲਵਿੰਦਰ ਕੌਰ ਨੇ ਕੀਤੀ। ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਾਲਜ ਦੇ ਸੋਸ਼ਲ ਸਾਇੰਸ ਵਿਭਾਗ ਅਤੇ ਐਨ.ਐਸ.ਐਸ. ਵਿਭਾਗ ਦੀ ਸ਼ਲਾਘਾ ਕੀਤੀ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਮਾਂ ਬਲਜੀਤ ਕੌਰ ਸਿੱਧੂ ਨੂੰ ਅੰਤਿਮ ਵਿਦਾਇਗੀ ਮੌਕੇ ਦੇਸ਼ ਭਗਤ ਯਾਦਗਾਰ ਹਾਲ 'ਚ ਭਾਵਭਿੰਨੀ ਸ਼ਰਧਾਂਜਲੀ

**ਜਲੰਧਰ :** ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਈ ਮਾਂ ਬਲਜੀਤ ਕੌਰ ਸਿੱਧੂ ਨੂੰ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਨਿੱਘੀ ਯਾਦ ਨਾਲ ਭਿੱਜੀ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਡਾ. ਸੈਲੇਸ, ਡਾ. ਮੇਘਾ ਸਿੰਘ, ਪੁਸ਼ਕਰ ਰਾਜ, ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਸਮੇਤ ਦਰਜਨਾਂ ਸਾਥੀਆਂ ਨੇ ਮਾਂ ਬਲਜੀਤ ਕੌਰ ਸਿੱਧੂ ਦੀ ਤਸਵੀਰ ਨੂੰ ਫੁੱਲਾਂ ਸੰਗ ਸਿਜਦਾ ਕੀਤਾ। ਇਸ ਮੌਕੇ ਅਮੋਲਕ ਸਿੰਘ ਨੇ ਕਿਹਾ ਕਿ ਅਨੇਕਾਂ ਧੀਆਂ ਪੁੱਤਾਂ ਦੀ ਮਾਂ ਬਲਜੀਤ ਕੌਰ ਸਿੱਧੂ ਮਲਸੀਆਂ ਦਾ ਸਦੀਵੀ ਵਿਛੋੜਾ ਸਿਰਫ ਜਿਸਮਾਨੀ ਵਿਛੋੜਾ ਹੈ, ਉਹ ਸਦਾ ਸਾਡੇ ਅੰਗ ਸੰਗ ਰਹਿਣਗੇ। ਪੰਜ ਦਹਾਕਿਆਂ ਤੋਂ ਉਨ੍ਹਾਂ ਦੇ ਮੋਹ ਪਿਆਰ ਦੀ ਦੌਲਤ ਦਾ ਸਾਡੇ ਕੋਲ ਅਜਿਹਾ ਅਮੁੱਕ ਖਜ਼ਾਨਾ ਹੈ, ਅਸੀਂ ਜਿੰਨੀ ਇਸ ਦੀ ਸੁਚੱਜੀ ਵਰਤੋਂ ਕਰਾਂਗੇ, ਇਹ ਹੋਰ ਵੀ ਦੂਣ ਸਵਾਇਆ ਹੁੰਦਾ ਜਾਏਗਾ। ਪੰਜਾਬ ਦੀ ਧਰਤੀ ਨੇ ਅਨੇਕਾਂ ਤੱਤੇ ਠੰਢੇ ਦੌਰ ਦੇਖੇ ਹਨ। ਮੇਰੇ ਵਰਗਿਆਂ ਨੂੰ ਇਸ ਮਾਂ ਨੇ ਆਪਣੇ ਪੁੱਤਰਾਂ ਤੋਂ ਵੀ ਵੱਧ ਪਿਆਰ ਨਾਲ ਨਿਹਾਰਿਆ। ਉਨ੍ਹਾਂ ਤੱਤੀਆਂ ਹਵਾਵਾਂ ਦੇ ਦੌਰ ਵਿੱਚ ਸੰਭਾਲ ਕੇ ਰੱਖਿਆ। ਜਦੋਂ ਪੰਜਾਬ ਅੰਦਰ ਤਿੱਖੜ ਦੁਪਹਿਰੇ ਡਰਾਉਣੀਆਂ ਰਾਤਾਂ ਛਾ ਜਾਂਦੀਆਂ ਸਨ, ਉਨ੍ਹਾਂ ਦਿਨਾਂ 'ਚ ਸਾਡੇ ਵਡੇਰੇ ਪਰਵਾਰ ਦੀ ਇਸ ਸਤਿਕਾਰਤ ਮਾਂ ਨੇ ਆਪਣੇ ਮਨ ਅਤੇ ਘਰ ਦਾ ਦਰਵਾਜ਼ਾ ਖੁੱਲ੍ਹਾ ਰੱਖਿਆ। ਪਾਸ਼ ਦੇ ਪਿੰਡ ਤਲਵੰਡੀ ਸਲੇਮ, ਮਾਂ ਦੀਆਂ ਪੈੜਾਂ ਗਵਾਹ ਹਨ ਕਿ ਉਹ ਆਪਣੇ ਪਾਸ਼ ਪੁੱਤ ਨੂੰ ਸ਼ਰਧਾਂਜਲੀ ਸਮਾਗਮ ਮੌਕੇ ਸਲਾਮ ਕਰਕੇ ਆਉਂਦੇ ਰਹੇ।

ਹੇ ਮਾਂ! ਅਸੀਂ ਤੇਰੇ ਅਜੇਹੇ ਵਫਾਦਾਰ ਪੁੱਤ ਬਣੇ ਰਹਿਣ ਦਾ ਯਤਨ ਕਰਾਂਗੇ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਹਰਮੇਸ਼ ਮਾਲੜੀ, ਡਾ. ਪਰਮਿੰਦਰ ਸਿੰਘ, ਵਿਜੈ ਬੰਬੇਲੀ, ਪ੍ਰੋ. ਤੇਜਿੰਦਰ ਵਿਰਲੀ, ਪ੍ਰੋ. ਵਰਿਆਮ ਸਿੰਘ ਸੰਧੂ ਕਨੇਡਾ, ਬਲਦੇਵ ਰਹਿਪਾ ਕਨੇ

26-Nov-PAGE-3-Majha-2023.qxd 11/25/2023 11:13 PM Page 2



# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਮਮਦੋਟ (ਫਿਰੋਜ਼ਪੁਰ) ਵਿਸ਼ੇਸ਼ ਸਪਲੀਮੈਂਟ


ਸੰਦੇਸ਼

ਐਡਵੋਕੇਟ ਰਜਨੀਸ਼ ਦਹੀਆ
ਐਮ ਐਲ ਏ ਫਿਰੋਜ਼ਪੁਰ ਦਿਹਾਤੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਜਸਬੀਰ ਸਿੰਘ ਕੰਬੋਜ ਅਤੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ।

ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਜਸਬੀਰ ਸਿੰਘ ਕੰਬੋਜ ਅਤੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ।

ਡਾ. ਰੇਖਾ
ਮੈਡੀਕਲ ਅਫਸਰ, ਮਮਦੋਟ

ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਜਸਬੀਰ ਸਿੰਘ ਕੰਬੋਜ ਅਤੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ।

ਹਰਚਰਨ ਸਿੰਘ ਵੈਰੜ
ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਮਮਦੋਟ (ਫਿਰੋਜ਼ਪੁਰ)


## ਅੱਜ ਦੇ ਇਸ ਪਵਿੱਤਰ ਦਿਹਾੜੇ 'ਤੇ ਆਓ ਬਾਬੇ ਨਾਨਕ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਪ੍ਰਣ ਕਰੀਏ



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ 1469 ਈਸਵੀ ਵਿੱਚ ਮਾਤਾ ਤ੍ਰਿਪਤਾ ਦੀ ਕੁੱਖੋਂ ਪਿਤਾ ਮਹਿਤਾ ਕਾਲੂ ਦੇ ਘਰ ਅਵਤਾਰ ਧਾਰਿਆ ਤਾਂ ਉਸ ਸਮੇਂ ਸੰਸਾਰ ਵਿੱਚ ਅੰਧ ਵਿਸ਼ਵਾਸ, ਵਹਿਮ ਭਰਮ ਅਤੇ ਮੋਹ ਮਾਇਆ ਦਾ ਬੋਲ ਬਾਲਾ ਸੀ, ਸਮੁੱਚੀ ਮਨੁੱਖ ਜਾਤੀ ਉਕਤ ਸਮਾਜਿਕ ਬੁਰਾਈਆਂ ਦੀ ਜਕੜ ਵਿੱਚ ਬੁਰੀ ਤਰ੍ਹਾਂ ਫਸ ਚੁੱਕੀ ਸੀ। ਬਾਬੇ ਨਾਨਕ ਜੀ ਨੇ ਇਸ ਧਰਤ 'ਤੇ ਜਨਮ ਲੈ ਕੇ ਬਾਲ ਅਵਸਥਾ ਵਿੱਚ ਹੀ ਅਜਿਹੇ ਕੌਤਕ ਰਚੇ, ਜਿਨ੍ਹਾਂ ਨੇ ਨਾਨਕ ਨੂੰ ਆਮ ਇਨਸਾਨ ਸਮਝਣ ਵਾਲੇ ਲੋਕਾਂ ਨੂੰ ਸੋਚੀਂ ਪਾ ਦਿੱਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਬਾਬਾ ਨਾਨਕ ਦੇਵ ਜੀ ਨੇ ਸੰਸਾਰ ਦੀਆਂ ਚਾਰ ਉਦਾਸੀਆਂ ਕਰ ਲੋਕਾਂ ਨੂੰ ਮੋਹ ਮਾਇਆ ਦਾ ਤਿਆਗ ਕਰਨ, ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਅਤੇ ਅਕਾਲ ਪੁਰਖ ਦੇ ਲੜ ਲੱਗਣ ਦੀ ਪ੍ਰੇਰਨਾ ਦਿੱਤੀ।

ਬਾਬੇ ਨਾਨਕ ਜੀ ਨੂੰ ਵਪਾਰ ਕਰਨ ਲਈ ਪਿਤਾ ਤੋਂ ਮਿਲੇ 20 ਰੁਪਏ ਖਰਚ ਕੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਦਾਨ ਪੁੰਨ ਨੂੰ ਮਨੁੱਖੀ ਜੀਵਨ ਦਾ ਅਹਿਮ ਅੰਗ ਦੱਸਿਆ, ਉਥੇ ਬਜ਼ੁਰਗ ਅਵਸਥਾ ਵਿੱਚ ਕਰਤਾਰਪੁਰ ਵਿਖੇ ਬਲਦਾਂ ਨਾਲ ਹਲ ਚਲਾ ਕੇ ਖੇਤੀ ਕਰਦਿਆਂ ਲੋਕਾਂ ਨੂੰ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਅੱਜ ਵੀ ਪੂਰੇ ਸੰਸਾਰ ਭਰ ਦੇ ਲੋਕ ਭਾਵੇਂ ਉਹ ਕਿਸੇ ਵੀ ਜਾਤੀ ਨਾਲ ਸੰਬੰਧਤ ਹਨ, ਬਾਬੇ ਨਾਨਕ ਦੀ ਤਰਕਸ਼ੀਲ ਸੋਚ ਦੇ ਕਾਇਲ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਮੁੱਚਾ ਜੀਵਨ ਮਾਨਵਤਾ ਦੀ ਭਲਾਈ ਅਤੇ ਉਸ ਅਕਾਲ ਪੁਰਖ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਲਗਾ ਕੇ ਸੰਨ 1539 ਈਸਵੀ ਨੂੰ ਜੋਤੀ ਜੋਤ ਸਮਾਏ। ਆਓ ਅੱਜ ਦੇ ਇਸ ਸ਼ੁੱਭ ਦਿਹਾੜੇ 'ਤੇ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲ ਕੇ ਜੀਵਨ ਨੂੰ ਸਫ਼ਲ ਕਰੀਏ।

**- ਜਸਬੀਰ ਸਿੰਘ ਕੰਬੋਜ**
ਪੱਤਰਕਾਰ ਮਮਦੋਟ


ਸੰਦੇਸ਼

ਮਲਕੀਤ ਸਿੰਘ ਬਿੰਦ
ਜ਼ਿਲ੍ਹਾ ਪ੍ਰਧਾਨ 'ਆਪ'

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਜਸਬੀਰ ਸਿੰਘ ਕੰਬੋਜ ਅਤੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ।

ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਜਸਬੀਰ ਸਿੰਘ ਕੰਬੋਜ ਅਤੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ।

ਗੁਰਬਚਨ ਸਿੰਘ ਖਾਰਾ
ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਮਮਦੋਟ (ਫਿਰੋਜ਼ਪੁਰ)

ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਜਸਬੀਰ ਸਿੰਘ ਕੰਬੋਜ ਅਤੇ ਦੇਸ਼ ਵਿਦੇਸ਼ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ।

ਬਲਰਾਜ ਸਿੰਘ ਸੰਧੂ
ਅਬਜ਼ਰਵਰ ਬਲਾਕ ਫਿਰੋਜ਼ਪੁਰ, ਆਮ ਆਦਮੀ ਪਾਰਟੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ -ਲੱਖ ਵਧਾਈਆਂ

ਸ੍ਰੀ ਮਤੀ ਹਰਗੋਬਿੰਦ ਕੌਰ
ਪੰਜਾਬ ਪ੍ਰਧਾਨ

ਸ੍ਰੀ ਮਤੀ ਸ਼ੀਲਾ ਦੇਵੀ
ਜਿਲਾ ਪ੍ਰਧਾਨ

ਸ੍ਰੀ ਮਤੀ ਪ੍ਰਕਾਸ਼ ਕੌਰ ਪ੍ਰਧਾਨ ਬਲਾਕ ਮਮਦੋਟ

ਮੁੱਖ ਮੰਗਾਂ
ਪੰਜਾਬ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਹਰਿਆਣਾ ਪੈਟਰਨ ਤੇ ਮਾਣ ਭੱਤਾ ਦਿੱਤਾ ਜਾਵੇ
ਆਂਗਣਵਾੜੀ ਸੈਂਟਰਾਂ ਦੇ ਬੱਚੇ ਵਾਪਸ ਕੀਤੇ ਜਾਣ ਤੇ
ਆਂਗਣਵਾੜੀ. ਵਰਕਰਾਂ ਨੂੰ ਨਰਸਰੀ ਅਧਿਆਪਕ ਦਾ ਦਰਜਾ ਦਿੱਤਾ ਜਾਵੇ
ਆਨਲਾਂਈਨ ਕੰਮ ਕਰਨ ਲਈ ਵਰਕਰਾਂ ਨੂੰ ਸਮਾਰਟ ਫੋਨ ਮਹੱਈਆ ਕਰਾਏ ਜਾਣ।

**ਵੱਲੋਂ : ਆਲ ਪੰਜਾਬ ਆਂਗਣਵਾੜੀ ਵਰਕਰਜ਼ ਹੈਲਪਰ ਯੂਨੀਅਨ ਪੰਜਾਬ**

ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ
ਐਡਵੋਕੇਟ ਰਜਨੀਸ਼ ਦਹੀਆ, ਐਮ ਐਲ ਏ ਫਿਰੋਜ਼ਪੁਰ ਦਿਹਾਤੀ
ਮਲਕੀਤ ਸਿੰਘ ਬਿੰਦ, ਜ਼ਿਲ੍ਹਾ ਪ੍ਰਧਾਨ 'ਆਪ'
ਸੰਜੀਵ ਕੁਮਾਰ ਚਿੱਟੂ ਧਵਨ, ਬਲਾਕ ਪ੍ਰਧਾਨ ਸ਼ਹਿਰੀ, ਮਮਦੋਟ
ਦਲਜੀਤ ਸਿੰਘ ਬਾਬਾ, ਸੀਨੀ. ਆਗੂ
ਗੁਰਨਾਮ ਸਿੰਘ ਹਜ਼ਾਰਾ, ਬਲਾਕ ਪ੍ਰਧਾਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਬਲਵਿੰਦਰ ਸਿੰਘ ਰਾਊਕੇ
ਬਲਾਕ ਪ੍ਰਧਾਨ

ਵੱਲੋਂ

ਬਲਰਾਜ ਸਿੰਘ ਸੰਧੂ ਅਬਜ਼ਰਵਰ ਫਿਰੋਜ਼ਪੁਰ ਸ਼ਹਿਰੀ ਅਤੇ ਸਮੂਹ ਆਗੂ ਤੇ ਵਰਕਰ ਸਹਿਬਾਨ ਆਮ ਆਦਮੀ ਪਾਰਟੀ

ਬਲਰਾਜ ਸਿੰਘ ਸੰਧੂ
ਅਬਜ਼ਰਵਰ ਫਿਰੋਜ਼ਪੁਰ ਸ਼ਹਿਰੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਧਾਨ ਕਾਂਗਰਸ ਕਮੇਟੀ, ਪੰਜਾਬ
ਕੁਲਬੀਰ ਸਿੰਘ ਜ਼ੀਰਾ, ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਫਿਰੋਜ਼ਪੁਰ
ਪਰਮਿੰਦਰ ਸਿੰਘ ਪਿੰਕੀ, ਸਾਬਕਾ ਐਮ ਐਲ ਏ, ਫਿਰੋਜ਼ਪੁਰ
ਰਮਿੰਦਰ ਸਿੰਘ ਆਵਲਾ, ਸਾਬਕਾ ਐਮ ਐਲ ਏ, ਫਿਰੋਜ਼ਪੁਰ
ਅਮਰਦੀਪ ਸਿੰਘ ਆਲੂ ਬੰਗਲ਼, ਇੰਚਾਰਜ ਪਲਕਾ ਫਿਰੋਜ਼ਪੁਰ ਦਿਹਾਤੀ
ਗੁਰਬਚਨ ਸਿੰਘ ਕਾਲਾ ਟਿੱਬਾ, ਸਾਬਕਾ ਚੇਅਰਮੇਨ ਮਾਰਕੀਟ ਕਮੇਟੀ ਮਮਦੋਟ
ਗੁਰਤੇਜ ਸਿੰਘ ਖਾਰਾ, ਸਰਪੰਚ ਪਿੰਡ ਕਾਲਾ ਟਿੱਬਾ
ਤੇਜਬੀਰ ਸਿੰਘ ਖਾਰਾ, ਜ਼ਿਲ੍ਹਾ ਪ੍ਰਧਾਨ ਐਨ ਆਰ ਆਈ ਫਿਰੋਜ਼ਪੁਰ

**ਵੱਲੋਂ : ਗੁਰਬਚਨ ਸਿੰਘ ਕਾਲਾ ਟਿੱਬਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਅਤੇ ਸਮੂਹ ਆਗੂ ਅਤੇ ਵਰਕਰ ਸਾਹਿਬਾਨ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਸੰਪੂਰਨ ਸਿੰਘ
ਮੋਬਾ. 90561-21212

**ਪੰਜਾਬ ਐਗਰੀਕਲਚਰ ਯੂਨੀਵਰਸਿਟੀ**

ਕੇ ਵੀ ਕੇ ਫਿਰੋਜ਼ਪੁਰ ਅਤੇ ਆਤਮਾ ਦੇ ਸਹਿਯੋਗ ਨਾਲ

**ਦੀਪ ਐਗਰੋ ਫੂਡ**

ਤੁਹਾਡੀ ਸੇਵਾ ਵਿੱਚ ਔਰਗੈਨਿਕ ਚੁਕੰਦਰ ਦੀ ਜੈਮ, ਅਚਾਰ, ਟਮਾਟਰਾਂ ਦੀ ਸੋਸ, ਲਸਣ, ਸੋਨਾ ਮੋਤੀ ਕਣਕ ਦਾ ਆਟਾ, ਦਲੀਆ ਆਦਿ ਤਿਆਰ ਕੀਤਾ ਜਾਂਦਾ ਹੈ।

ਕਾਕਾ ਦੀਪ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਅਮਰਜੀਤ ਸਿੰਘ ਸਰਪੰਚ

ਵੱਲੋਂ

**ਅਮਰਜੀਤ ਸਿੰਘ ਸਰਪੰਚ**
ਲਖਮੀਰ ਕੇ ਉਤਾੜ (ਭੱਟੀਆਂ)

**ਸੇਠੀ ਮੈਡੀਕਲ ਹਾਲ, ਮਮਦੋਟ**

ਹਰਦੇਵ ਪ੍ਰਕਾਸ਼ ਸੇਠੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਅਸ਼ੀਸ਼ ਕੁਮਾਰ ਸੇਠੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਕੁਲਦੀਪ ਸਿੰਘ ਲਹੌਰੀਆ, ਸਰਪੰਚ ਕੋਟ ਲਹੌਰੀਆ
ਨਵਕਰਨ ਸਿੰਘ ਸੰਧੂ ਐਡਵੋਕੇਟ, ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ
ਬਲਰਾਜ ਸਿੰਘ ਸੰਧੂ ਲਹੌਰੀਆ

**ਗੁਰੂ ਰਾਮ ਦਾਸ ਰਾਈਸ ਮਿੱਲਜ਼ ਕੜਮਾ (ਫਿਰੋਜ਼ਪੁਰ)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਗੁਰਦੇਵ ਸਿੰਘ ਮਮਦੋਟ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਵੱਲੋਂ

**ਗੁਰਦੇਵ ਸਿੰਘ ਮਮਦੋਟ**
ਸੂਬਾ ਵਰਕਿੰਗ ਕਮੇਟੀ ਮੈਂਬਰ ਮੁਲਾਜ਼ਮ ਸੰਘਰਸ਼ ਕਮੇਟੀ, ਪੰਜਾਬ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਜਨਮੇਜਾ ਸਿੰਘ ਸ਼ੇਖੋਂ, ਸਾਬਕਾ ਸਿਹਾਈ ਮੰਤਰੀ, ਪੰਜਾਬ
ਜਰਿੰਦਰ ਸਿੰਘ ਜਿੰਦੂ, ਸਾਬਕਾ ਐਮ ਐਲ ਏ ਫਿਰੋਜ਼ਪੁਰ ਦਿਹਾਤੀ
ਹਰਚਰਨ ਸਿੰਘ ਵੈਰੜ ਸਾਬਕਾ ਚੇਅਰਮੇਨ ਮਾਰਕੀਟ ਕਮੇਟੀ ਮਮਦੋਟ
ਵਰਿੰਦਰ ਸਿੰਘ ਵੈਰੜ, ਪ੍ਰਧਾਨ ਨੰਬਰਦਾਰ ਯੂਨੀਅਨ
ਅਸ਼ੋਕ ਕੁਮਾਰ ਨਾਰੰਗ, ਅਕਾਲੀ ਆਗੂ
ਪਵਨ ਕੁਮਾਰ ਦੁੱਗਲ, ਸਾਬਕਾ ਸਰਪੰਚ, ਖੁੰਦਰ ਉਤਾੜ
ਭੁਪਿੰਦਰ ਸਿੰਘ (ਬੰਟੀ ਵੈਰੜ), ਮੈਂਬਰ ਚੰਡੀਗੜ੍ਹ ਜੂਡੋ ਐਸੋ.
ਡਾ. ਤਪਿੰਦਰ ਸਿੰਘ, ਚੰਡੀਗੜ੍ਹ

**ਵੱਲੋਂ : ਹਰਚਰਨ ਸਿੰਘ ਵੈਰੜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਅਤੇ ਸਮੂਹ ਆਗੂ ਸਾਹਿਬਾਨ ਸ਼੍ਰੋਮਣੀ ਅਕਾਲੀ ਦਲ ਬਾਦਲ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਅਵਤਾਰ ਸਿੰਘ ਜ਼ੀਰਾ, ਜ਼ਿਲ੍ਹਾ ਪ੍ਰਧਾਨ ਭਾਜਪਾ
ਅਸ਼ੋਕ ਸਹਿਗਲ, ਪ੍ਰਧਾਨ ਵਪਾਰ ਮੰਡਲ, ਫਿਰੋਜ਼ਪੁਰ
ਸੁਨੀਲ ਵਿੱਜ, ਪ੍ਰਧਾਨ ਯੂਵਾ
ਭਗਵਾਨ ਸ਼ਰਮਾ, ਪ੍ਰਧਾਨ ਬਲਾਕ ਮਮਦੋਟ
ਸੰਦੀਪ ਚਾਵਲਾ, ਮੰਡਲ ਪ੍ਰਧਾਨ ਯੁਵਾ ਮੋਰਚਾ
ਵਿੱਕੀ ਮਦਾਨ, ਮੰਡਲ ਪ੍ਰਧਾਨ ਵਪਾਰ ਸੈਲ ਮਮਦੋਟ
ਬਲਦੇਵ ਰਾਜ ਸ਼ਰਮਾ, ਭਾਜਪਾ ਆਗੂ

**ਵੱਲੋਂ : ਅਸ਼ੋਕ ਸਹਿਗਲ ਜ਼ਿਲ੍ਹਾ ਪ੍ਰਧਾਨ ਵਪਾਰ ਮੰਡਲ ਫਿਰੋਜ਼ਪੁਰ ਅਤੇ ਸਮੂਹ ਭਾਜਪਾ ਆਗੂ ਅਤੇ ਵਰਕਰ ਸਹਿਬਾਨ**

ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ



**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ**

ਆਸ਼ੂ ਬੰਗੜ
ਮੈਂਬਰ PPCC ਪੰਜਾਬ
ਜ਼ਿਲ੍ਹਾ ਇੰਚਾਰਜ ਫਿਰੋਜ਼ਪੁਰ ਦਿਹਾਤੀ

ਬਲਜੀਤ ਕੌਰ ਬੰਗੜ
ਮੀਤਪ੍ਰਧਾਨ ਵਾਲੀਬਾਲ ਪ੍ਰਧਾਨ ਜ਼ਿਲ੍ਹਾ, ਫਿਰੋਜ਼ਪੁਰ

+91 94630 09600 | AshuBanger7 | Ashu Banger | ashubanger_official

ਸੰਨਵਾਦ

ਮੈਂ ਅਦਾਰਾ 'ਨਵਾਂ ਜ਼ਮਾਨਾ' ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਪ੍ਰਕਾਸ਼ ਦਿਹਾੜੇ 'ਤੇ ਮਮਦੋਟ ਵਿਸ਼ੇਸ਼ ਸਪਲੀਮੈਂਟ ਪਾਠਕਾਂ ਦੇ ਰੂ ਬ ਰੂ ਕੀਤਾ ਹੈ। ਉਮੀਦ ਹੈ ਕਿ ਸਭ ਨੂੰ ਚੰਗਾ ਲੱਗਿਆ ਹੋਵੇਗਾ। ਮੈਂ ਇਸ ਵਿੱਚ ਸਹਿਯੋਗ ਦੇਣ ਵਾਲੇ ਸਭ ਦੋਸਤਾਂ-ਮਿੱਤਰਾਂ ਦਾ ਰਿਣੀ ਰਹਾਂਗੇ। ਉਮੀਦ ਕਰਦੇ ਰਹਾਂਗੇ ਕਿ ਅੱਗੇ ਤੋਂ ਇਸੇ ਤਰ੍ਹਾਂ ਸਾਡਾ ਸਹਿਯੋਗ ਕਰਦੇ ਰਹੋਗੇ।

**ਜਸਬੀਰ ਸਿੰਘ ਕੰਬੋਜ, ਪੱਤਰਕਾਰ ਮਮਦੋਟ**
ਮੋਬ. 98550-12590

ਰਵਿੰਦਰ ਸਿੰਘ
ਰਣਬੀਰ ਸਿੰਘ ਯੂ ਐਸ ਏ
ਨਿਮਰਤ ਕੌਰ
ਰਾਜਬੀਰ ਸਿੰਘ
ਸਮਰ ਯੂ ਐਸ ਏ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਸਮੂਹ ਦੇਸ਼ ਵਿਦੇਸ਼ ਵਿੱਚ ਵਸਦੀਆਂ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਵੱਲੋਂ

**ਸਮੂਹ ਕੰਬੋਜ ਪਰਿਵਾਰ**

26-Nov-Sunday.qxd 11/25/2023 10:38 PM Page 1

ਸੁਖਪਾਲ ਸਿੰਘ ਥਿੰਦ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 26 ਨਵੰਬਰ 2023

www.nawanzamana.in

ਕੀਮਤ 5.00 ਰੁਪਏ


ਬੜਾ ਭਰਿਆ, ਉਹ ਜਦ ਉਛਲਿਆ ਨਾ
ਫਿਰ ਪਤਾ ਲੱਗਿਆ
ਸਬੂਤਾ ਦਿਸ ਰਿਹਾ ਬਰਤਨ ਵੀ
ਵਿੱਚੋਂ ਫੁੱਟਿਆ ਹੁੰਦਾ।

-ਬੂਟਾ ਸਿੰਘ ਚੌਹਾਨ

## ਫਲਸਫ਼ੇ ਦੀ ਪ੍ਰਸੰਗਿਕਤਾ

### ਜਗਰੂਪ

# ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-27

ਉਹ ਜੋ ਸਮਾਜਕ ਬਦਲਾਓ ਬਾਰੇ ਸੋਚਦੇ, ਲੋਚਦੇ, ਚਾਹੁੰਦੇ ਅਤੇ ਇਸ ਕੋਸ਼ਿਸ਼ ਵਿਚ ਲੱਗੇ ਹਨ, ਉਹਨਾਂ ਲਈ ਇਹ ਨੇਮ ਕਿ "ਆਧਾਰ (Base) ਵਿੱਚ ਬਦਲਾਓ ਉਸਾਰ (Superstructure) ਵਿੱਚ ਬਦਲਾਓ ਲੈ ਆਉਂਦਾ ਹੈ", ਬਹੁਤ ਮਹੱਤਵਪੂਰਨ ਹੈ, ਪ੍ਰੰਤੂ ਉਸਾਰ ਰਾਹੀਂ ਬਦਲਾਓ ਦੀਆਂ ਕੋਸ਼ਿਸ਼ਾਂ ਤਾਂ ਕੇਵਲ ਤੇ ਕੇਵਲ ਸੁਧਾਰ ਤੱਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਅਜਿਹੀਆਂ ਕਾਰਵਾਈਆਂ ਨਾਲ ਇਤਿਹਾਸ ਭਰਿਆ ਪਿਆ ਹੈ, ਜਿਨ੍ਹਾਂ ਵਿੱਚ ਉਸਾਰ ਰਾਹੀਂ ਸੁਧਾਰ 'ਤੇ ਬਲ ਦਿੱਤਾ ਗਿਆ ਹੈ। "ਸੱਭਿਆਚਾਰਕ- ਹੈਜੇਮਨੀ" ਆਦਿ ਦੇ ਸਭੇ ਸਵਾਲ ਉਸਾਰ ਨਾਲ ਸੰਬੰਧਤ ਹਨ, ਕਿਉਂਕਿ ਸੱਭਿਆਚਾਰ ਉਸਾਰ ਦਾ ਭਾਗ ਹੈ। ਜਿਹਾ ਆਰਥਕ-ਸਮਾਜਕ ਆਧਾਰ ਹੋਵੇਗਾ, ਉਸੇ ਅਨੁਸਾਰ ਸੱਭਿਆਚਾਰ ਹੋਵੇਗਾ।

"ਨਵ-ਮਾਰਕਸਵਾਦ" (Neo-Marxism), ਮਾਰਕਸਵਾਦ ਦੀ ਧਾਰਾ ਤੋਂ ਭਿੰਨ ਧਾਰਾ ਹੈ, ਇਸੇ ਲਈ ਇਹ ਵੱਖਰੇ ਨਾਮ, "ਨਵ-ਮਾਰਕਸਵਾਦ" ਦੀ ਹੈ। ਬੁਰਜੂਆ-ਬੌਧਿਕਤਾ ਨੇ ਬੜੀ ਚਲਾਕੀ ਨਾਲ ਸਮਾਜ ਦੇ ਮੱਧ-ਵਰਗੀ ਬੌਧਿਕ ਹਲਕਿਆਂ ਨੂੰ ਪ੍ਰਭਾਵਤ ਕਰਨ ਲਈ, ਕੁਰਾਹੇ ਪਾਉਣ ਲਈ, ਮਾਰਕਸਵਾਦ ਦੀ ਥਾਂ 'ਨਵ-ਮਾਰਕਸਵਾਦ' ਨੂੰ ਪ੍ਰਚਾਰਨ, ਵਡਿਉਣ ਵਿੱਚ ਦਿਲਚਸਪੀ ਜਗਾਈ ਹੈ।

ਕਮਜ਼ੋਰ ਦਾਰਸ਼ਨਿਕ ਪਕੜ ਵਾਲੇ ਵਿਅਕਤੀ ਇਸ ਨੂੰ ਇੰਜ ਲੈਂਦੇ ਨੇ ਜਿਵੇਂ ਇਹ ਮਾਰਕਸਵਾਦ ਦਾ ਨਵ (ਅਜੋਕਾ), 'ਸ਼ੁੱਧ-ਰੂਪ' ਹੋਵੇ। 'ਨਵ-ਮਾਰਕਸਵਾਦ', ਮਾਰਕਸਵਾਦ ਦਾ ਵਿਕਸਤ ਜਾਂ ਅਜੋਕਾ ਰੂਪ ਨਹੀਂ, ਇਹ ਵਿਗਾੜ ਰੂਪ ਹੈ। ਇਹ ਕੁਰਾਹਾ ਹੈ। ਇਹ ਬੁਰਜੂਆ-ਸੱਭਿਆਚਾਰ ਦੀ ਸੇਵਾ ਹੈ। ਮਾਰਕਸਵਾਦ ਤਾਂ ਪਦਾਰਥਵਾਦ ਆਧਾਰਤ ਹੈ। ਪਦਾਰਥਵਾਦ ਦਾ ਨੇਮ ਹੈ ;

'ਆਧਾਰ (Base) ਉਸਾਰ ਦੀ ਸਿਰਜਣਾ ਕਰਦਾ ਹੈ ਅਤੇ ਉਸਾਰ (Superstructure) ਆਧਾਰ ਨੂੰ ਪ੍ਰਭਾਵਤ (Affect) ਕਰਦਾ ਹੈ'।

ਜਦੋਂ ਪੈਦਾਵਾਰੀ-ਢੰਗ ਸਿਫਤੀ ਰੂਪ ਵਿਚ ਤਬਦੀਲ ਹੁੰਦਾ ਹੈ, ਉਦੋਂ (ਸ਼ੁਰੂ 'ਚ) ਨਵਾਂ-ਉਸਾਰ (ਸਟੇਟ), ਆਧਾਰ ਉਪਰ ਵਧੇਰੇ ਤੇਜ਼ ਪ੍ਰਭਾਵ (Influences) ਦਰਸਾਉਂਦਾ ਹੈ, ਸਮਾਂ ਪਾ ਕੇ ਇਹ ਪ੍ਰਭਾਵ ਘਟਦੀ ਪ੍ਰਵਿਰਤੀ ਦਾ ਹੋ ਜਾਂਦਾ ਹੈ। 'ਸਮਾਜਵਾਦੀ ਸਟੇਟ' ਵੀ, ਜੇ ਹਾਲਾਤ ਅਨੁਸਾਰ ਆਧਾਰ ਵਿਚ ਬਦਲਾਓ ਰੋਕ ਬੈਠੇ ਤਾਂ ਉਸ ਦਾ ਪ੍ਰਭਾਵ ਘਟਦੀ ਪ੍ਰਵਿਰਤੀ ਦੇ ਨੇਮ ਅਨੁਸਾਰ, ਆਖਰ ਆਪਣੀ ਹੋਂਦ ਲਈ ਹੀ ਖਤਰਾ ਪੈਦਾ ਕਰ ਲੈਂਦਾ ਹੈ। 'ਆਧਾਰ ਅਤੇ ਉਸਾਰ' ਦਾ ਦਵੰਦਵਾਦੀ ਸੰਬੰਧ ਕਦੀ ਵੀ ਅਣਡਿੱਠ ਨਹੀਂ ਹੋਣਾ ਚਾਹੀਦਾ। ਇਸ ਵਿਚ ਮੁਹਾਰਤ ਹਾਸਲ ਕਰਨੀ ਬਣਦੀ ਹੈ। ਇਤਿਹਾਸ ਦਾ ਇਹੀ ਸਬਕ ਹੈ।

ਆਰਥਕ-ਸਮਾਜਕ ਰੂਪ ਵਿੱਚੋਂ ਹਕੂਮਤੀ-ਰੂਪ (ਸਟੇਟ-ਰੂਪ) ਉਸਰਦਾ ਹੈ ਅਤੇ ਇਸ ਦੇ ਖਾਸੇ ਅਨੁਸਾਰ ਇਸ ਦਾ ਨਾਮ-ਕਰਨ ਹੁੰਦਾ ਹੈ। ਇਤਿਹਾਸ ਸਪੱਸ਼ਟ ਕਰਦਾ ਹੈ; ਆਰਥਕ-ਸਮਾਜਕ ਹਾਲਾਤ, 'ਮਾਲਕ ਅਤੇ ਗੁਲਾਮ' ਵਾਲੇ ਬਣੇ ਸਨ ਤਾਂ ਹਕੂਮਤੀ-ਰੂਪ (ਸਟੇਟ) ਗੁਲਾਮਦਾਰੀ ਵਾਲਾ ਸੀ। ਆਰਥਕ-ਸਮਾਜਕ ਹਾਲਾਤ ਜਗੀਰੂ (ਜ਼ਮੀਨੀ ਉਪਜ ਵਾਲੇ) ਬਣੇ ਸਨ ਤਾਂ ਹਕੂਮਤੀ-ਰੂਪ (ਜਗੀਰੂ, ਟਿਕਾਊ ਅਤੇ ਵਿਰਾਸਤੀ) ਰਾਜਤੰਤਰੀ ਬਣ ਗਿਆ। ਫਿਰ ਆਰਥਕ-ਸਮਾਜਕ ਰੂਪ ਸਰਮਾਏਦਾਰੀ (ਸਰਮਾਏ ਦੇ ਆਧਾਰ ਵਾਲਾ) ਬਣ ਗਿਆ ਤਾਂ ਹਕੂਮਤੀ-ਰੂਪ (ਸਟੇਟ) ਗਣਰਾਜ (ਚੁਣੇ-ਮੁਖੀ ਵਾਲਾ) ਬਣ ਗਿਆ। ਹਕੂਮਤ (State) ; ਕਾਨੂੰਨ ਬਣਾਉਣ, ਲਾਗੂ ਕਰਨ ਅਤੇ ਨਿਆਂ ਕਰਨ ਦੇ, ਇਹ ਤਿੰਨੋਂ ਕਾਰਜ ਕਰਨ ਦਾ ਨਾਂਅ ਹੈ। ਇਹ ਆਰਥਕ-ਸਮਾਜਕ ਬਣਤਰ ਅਨੁਸਾਰ (ਜਮਹੂਰੀ, ਨੀਮ-ਤਾਨਾਸ਼ਾਹ, ਤਾਨਾਸ਼ਾਹ,

ਫਾਸ਼ੀ ਰੂਪ) ਢਲਦੇ, ਰੂਪ ਬਦਲਦੇ ਹਨ। ਜੇ ਆਰਥਕ ਪਾੜਾ ਵਧੇ ਤਾਂ ਸਮਾਜਕ ਬੇਚੈਨੀ ਵਧੇਗੀ। ਹਕੂਮਤ ਜਮਾਤੀ ਹੈ, ਉਹ ਆਪਣੀ ਜਮਾਤ ਦੇ ਹਿੱਤ ਪੂਰਨ ਲਈ (ਉਸਾਰ) ਕਾਨੂੰਨ ਸਖਤ ਕਰੇਗੀ, ਲਾਗੂ ਕਰਨ ਲਈ ਤਾਕਤ ਵਰਤੇਗੀ, ਨਿਆਂ ਨੂੰ ਪ੍ਰਭਾਵਤ ਕਰਨ ਦੀ ਕਾਰਵਾਈ ਕਰੇਗੀ, ਪਰ ਉਸ ਦੀ ਹਰ ਕੋਸ਼ਿਸ਼ ਲੋਕਾਂ ਨੂੰ ਭੁਚਲਾਉਣ ਦੇ ਨਾਹਰੇ ਦੇਣ ਵਾਲੀ ਹੋਵੇਗੀ। ਜਿਸ ਲਈ ਉਹ ਭਰਮਾਊ, ਇਤਿਹਾਸਕ ਤੱਥਾਂ ਦੀ ਤੋੜ-ਭੰਨ ਅਤੇ ਹਾਂ-ਪੱਖੀ ਪ੍ਰਭਾਵ ਦੇ ਸ਼ਬਦ ਚੁਣਨ ਦੀ ਨੀਤੀ 'ਤੇ ਚੱਲਦੀ ਹੈ। LP-ਗੈਸ ਦੀ ਵਰਤੋਂ ਨੇ ਲੋਕਾਂ ਦੇ ਜੀਵਨ ਨੂੰ ਸੌਖਾ ਕੀਤਾ ਹੋਇਆ ਹੈ। ਇਸ ਸੌਖੇ-ਪ੍ਰਭਾਵ ਨੂੰ ਨਵੇਂ ਭੁਲਾਂਦਰੇ ਵਜੋਂ ਵਰਤਣ ਲਈ ਸਰਮਾਏਦਾਰੀ ਦੇ ਨਵੇਂ ਰੂਪ ਦੇ ਹਥਿਆਰ; 'ਸੰਸਾਰ ਵਪਾਰ ਸੰਗਠਨ' [WTO (World trade organisation)] ਦੀ ਨੀਤੀ ਨੂੰ ਆਰਥਕ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦਾ ਸੰਖੇਪ ਰੂਪ, ਐੱਲ.ਪੀ.ਜੀ. LPG (Librelisation, Privatisation globalisation)] ਪਰਚਾਰਿਆ। ਇਹ ਲੁੰਬੜ-ਚਾਲ ਐ, 'ਕਰਨਾ ਹੋਰ ਦਿਖਾਉਣਾ ਹੋਰ' ਹੈ। ਛੋਟੇ ਨਾਂਅ ਜ਼ੁਬਾਨ 'ਤੇ ਛੇਤੀ ਚੜ੍ਹਦੇ ਹਨ ਅਤੇ ਉਹਨਾਂ ਨੂੰ ਜਾਨਣ ਦੀ ਖਿੱਚ, ਉਸ ਦੇ ਬੁਰੇ, ਸਿੱਧੇ ਪ੍ਰਭਾਵ ਨੂੰ ਮੱਠਾ (passive) ਕਰਦੀ ਹੈ। ਉਦਾਹਰਨ ਲਈ "ਸਰਮਾਏਦਾਰੀ ਦਾ ਕੋਈ ਬਦਲ ਨਹੀਂ", 'ਇਹ ਸਦੀਵੀ ਹੈ', 'ਇਤਿਹਾਸ ਦਾ ਅੰਤ' ਆਦਿ ਨੂੰ ਪ੍ਰਚਾਰਨ ਲਈ "ਟੀਨਾ"

[TINA (there is no alternative)] ਸ਼ਬਦ ਚੁਣਿਆ, ਪਰਚਾਰਿਆ ਅਤੇ ਵਿਦਿਆਰਥੀਆਂ ਨੂੰ ਰਟਾਇਆ ਗਿਆ। ਇਕ ਤਰ੍ਹਾਂ, ਇਸ ਦੇ 'ਅਲੋਚਕਾਂ' ਨੂੰ ਵੀ 'ਟੀਨਾ' ਸ਼ਬਦ ਦੀ ਵਰਤੋਂ ਰਾਹੀਂ, ਟੀਨਾ ਦਾ ਪਰਚਾਰਕ ਬਣਾਉਣ ਦੀ ਸ਼ੈਤਾਨੀ ਹੈ। ਅਲੋਚਕ ਵੀ ਉਹਨਾਂ ਦੇ ਸ਼ਬਦ (ਏਜੰਡੇ) 'ਤੇ ਗੱਲ ਕਰਦਾ ਹੈ। ਟੀਨਾ (tina) ਦਾ ਵਿਖਿਆਨ ਹੀ ਉਹਨਾ ਦਾ ਪ੍ਰਚਾਰ ਹੈ। ਇਸ ਵਿਚ ਅਲੋਚਨਾ, ਪਰਚਾਰ ਤੋਂ ਕਮਜ਼ੋਰ ਬਣ ਜਾਂਦੀ ਹੈ।

ਸਰਮਾਏਦਾਰੀ, ਹਿੱਤੂ-ਸ਼ਬਦ ਚੁਣਨ, ਪ੍ਰਚਾਰਨ, ਵਰਤਣ ਲਈ, (ਨੋਬਲ) ਪੁਰਸਕਾਰ ਦੇਣ ਤੱਕ ਜਾਂਦੀ ਹੈ। [Think Globally Act Locally]

'ਸੋਚੋ ਵਿਸ਼ਵ-ਪੱਧਰੀ ਅਮਲ ਕਰੋ ਸਥਾਨਕ' ਨੂੰ ਨੀਤੀ ਬਣਾਉਣਾ, ਮੱਧ-ਵਰਗੀ ਬੁੱਧੀਜੀਵੀਆਂ ਨੂੰ ਇਸ ਦੇ ਪਰਚਾਰ ਵਿਚ ਬੁਲਾਰੇ ਬਣਾਉਣਾ, ਭੁਚਲਾਊ ਢੰਗ ਨਾਲ, ਸਹੀ ਰਾਹ ਤੋਂ ਭਟਕਾਉਣਾ ਹੈ। ਇਹ ਬੁਰਜੂਆ ਵਿਚਾਰਧਾਰਕ ਅਮਲ ਹੈ। ਪਦਾਰਥਵਾਦ ਜੋ ਮਾਰਕਸਵਾਦ ਦਾ ਆਧਾਰ ਹੈ; ਉਹ ਇਸ (ਐਕਟ ਲੋਕਲੀ) ਦੇ ਉਲਟ, 'ਐਕਟ-ਕੌਮਾਂਤਰੀ' (Act-Internationally) ਦਾ ਅਮਲ ਅਪਣਾਉਂਦਾ, ਸੁਝਾਉਂਦਾ ਹੈ।

ਪਰੋਲਤਾਰੀ-ਐਕਸ਼ਨ ਸਥਾਨਕ ਨਹੀਂ ਹੁੰਦਾ। ਇਹ ਆਮ ਰੂਪ ਵਿਚ ਕੌਮਾਂਤਰੀ ਜਾਂ ਕੌਮੀ ਹੁੰਦਾ ਹੈ।

"ਦੁਨੀਆ ਭਰ ਦੇ ਪਰੋਲਤਾਰੀਓ, ਇਕ ਹੋ ਜਾਓ"!

ਇਸ (Act-Internationally) ਦੀ ਉਦਾਹਰਣ ਹੈ। ਮਾਰਕਸ-ਏਂਗਲਜ਼ ਦੁਆਰਾ ਸਥਾਪਤ ਪਹਿਲੀ ਕੌਮਾਂਤਰੀ (28 ਸਤੰਬਰ 1864) ਅਤੇ ਦੂਜੀ ਕੌਮਾਂਤਰੀ (ਜੁਲਾਈ 1889) ਇਸ ਦਾ ਪ੍ਰਤੱਖ ਸਬੂਤ ਹੈ, ਜਿਸ ਨੇ ਅੱਗੋਂ ਅਮਲ ਦਾ ਨਾਹਰਾ ਸਥਾਨਕ ਨਹੀਂ, ਸਗੋਂ ਕੌਮਾਂਤਰੀ ਅਮਲ ਲਈ, "ਛੁਟੇਰੀ ਕੰਮ ਦਿਹਾੜੀ" ਦੀ ਸਿਧਾਂਤਕਤਾ ਵਿੱਚੋਂ ਦਿੱਤਾ ਮਿਲਦਾ ਹੈ। ਇਤਿਹਾਸ ਗਵਾਹ ਹੈ।

ਉਹ ਜੋ "ਥਿੰਕ ਗਲੋਬਲੀ ਐਕਟ ਲੋਕਲੀ" ਦੇ ਪਰਚਾਰਕ ਹਨ, ਉਹ ਪਦਾਰਥਵਾਦੀ (ਮਾਰਕਸੀ) ਨਹੀਂ, ਉਹ ਸਰਮਾਏ ਦੇ ਭਰਮ ਜਾਲ ਦਾ ਸ਼ਿਕਾਰ, 'ਚੌਂਗਮਤੀਏ' ਹਨ। ਉਹ ਖੁਦ ਭੁਲੱਕੜ, ਕੁਰਾਹੀਏ ਹਨ ਅਤੇ ਕੁਰਾਹੇ ਦੇ 'ਇਮਾਨਦਾਰ-ਪਰਚਾਰਕ' ਹਨ। ਇਹ ਇਮਾਨਦਾਰ-ਪ੍ਰਚਾਰ, 'ਇਮਾਨਦਾਰ-

ਮੌਕਾਪ੍ਰਸਤੀ' ਜਿੰਨਾ ਹੀ ਖਤਰਨਾਕ ਹੁੰਦਾ ਹੈ, ਜਿਸ ਨੂੰ ਮਾਰਕਸ ਨੇ ਸੱਤਾ ਦੇ ਸੰਬੰਧ ਵਿਚ "ਸਭ ਤੋਂ

ਖਤਰਨਾਕ" (The most dangerous ) ਐਲਾਨਿਆ ਸੀ।

ਬੁਰਜੂਆਜੀ ਆਰਥਕ ਅਤੇ ਬੌਧਿਕ ਸਾਧਨਾ, ਸੋਮਿਆਂ 'ਤੇ ਕਾਬਜ਼ ਹੋਣ ਕਾਰਨ, ਪਸਾਰ-ਪਰਚਾਰ ਰਾਹੀਂ, ਕਿਰਤੀ ਲੋਕਾਂ ਨੂੰ ਆਪਣੇ ਸੱਭਿਆਚਾਰਕ- ਰੰਗ ਵਿਚ ਰੰਗਣ ਲੱਗਦੀ ਹੈ। ਇਹ ਸੱਭਿਆਚਾਰਕ ਸਰਦਾਰੀ (ਹੈਜੇਮਨੀ) ਬਣਾਈ ਰੱਖਣ ਦੀ ਨੀਤੀ ਹੈ। ਜਮਾਤੀ ਸਮਾਜ ਵਿਚ, ਸੱਭਿਆਚਾਰ (ਸੋਚ ਅਤੇ ਅਮਲ ਢੰਗ) ਵੀ ਜਮਾਤੀ-ਭਿੰਨਤਾ ਵਾਲਾ ਹੁੰਦਾ ਹੈ।

ਪਰੋਲਤਾਰੀ ਸੱਭਿਆਚਾਰ (ਸੋਚ ਅਤੇ ਅਮਲ ਢੰਗ) ਜੋ ਉਜਰਤੀ-ਕਿਰਤ ਦੀ ਲੁੱਟ (ਉਜਰਤੀ-ਗੁਲਾਮੀ) ਦੇ ਖਾਤਮੇ ਦਾ ਸੱਭਿਆਚਾਰ ਹੈ, ਇਹ ਬੁਰਜੂਆ-ਵਿਕਾਸ ਦੇ ਵਿਰੋਧ ਵਿਚ ਵਿਕਸਤ ਹੁੰਦਾ ਹੈ। ਇਹ ਮਿਕਦਾਰੀ (quantitatively) ਤੋਂ ਸਿਫਤੀ (qualitatively) ਰੂਪ ਧਾਰਨ ਕਰਨ ਦੇ ਨੇਮ ਅਨੁਸਾਰ ਉਸਰਦਾ ਹੈ। ਜਿਵੇਂ-ਜਿਵੇਂ ਬੁਰਜੂਆ ਵਿਕਾਸ, ਪਰੋਲਤਾਰੀ ਪੈਦਾ ਕਰਦਾ ਹੈ, ਉਵੇਂ-ਉਵੇਂ ਪਰੋਲਤਾਰੀ-ਸੱਭਿਆਚਾਰ ਪ੍ਰਫੁੱਲਤ ਹੁੰਦਾ ਹੈ। ਇਸ ਬਗੈਰ ਸਮਾਜਵਾਦ ਨਹੀਂ ਉਸਰ ਸਕਦਾ। ਸੱਤਾ ਹਥਿਆਉਣ (ਇਨਕਲਾਬ ਕਰਨ) ਪਿੱਛੋਂ ਵੀ ਸੱਭਿਆਚਾਰਕ-ਇਨਕਲਾਬ (ਸਾਂਝੀਵਾਲ ਸਮਾਜ

ਉਸਾਰੀ ਦੀ ਸੋਚ ਅਤੇ ਅਮਲ ਦੇ ਭਾਰੂ ਹੋਣ ਤੱਕ) ਵਿਸ਼ੇਸ਼ ਧਿਆਨ ਮੰਗਦਾ ਹੈ। ਪਰੋਲਤਾਰੀ-ਸੱਭਿਆਚਾਰ (ਸੋਚ ਤੇ ਅਮਲ) ਦਾ ਸਮਾਜ ਵਿਚ ਭਾਰੂ ਹੋਣਾ ਸੱਭਿਆਚਾਰਕ-ਇਨਕਲਾਬ ਹੈ। ਇਹ ਨਵੇਂ-ਮਨੁੱਖ (ਸਾਂਝੀਵਾਲ-ਮਨੁੱਖ) ਅਤੇ ਸਾਂਝੀਵਾਲ-ਸਮਾਜ ਉਸਾਰੀ ਦਾ ਥੰਮ੍ਹ ਹੈ।

ਵਿਚਾਰਧਾਰਕ-ਘੋਲ, ਦੋ ਵਿਚਾਰਧਾਰਾਵਾਂ; ਬੁਰਜੂਆ ਅਤੇ ਪਰੋਲਤਾਰੀ ਦਾ, ਸਮਾਜ ਵਿਚ ਭਾਰੂ ਅਤੇ ਜੇਤੂ ਹੋਣ ਦਾ ਅਮਲ ਹੈ। ਸੱਤਾ ਦੀ ਵਿਚਾਰਧਾਰਾ ਭਾਰੂ ਹੁੰਦੀ ਹੈ ਤਾਂ ਹੀ ਤੇ ਉਹ



ਸੱਤਾ-ਧਾਰੀ ਹੈ। ਪਰੋਲਤਾਰੀਏ ਵੱਲੋਂ ਉਸ ਦਾ ਸਿੱਧੜ-ਵਿਰੋਧ, ਵਿਚਾਰਧਾਰਕ-ਘੋਲ ਨਹੀਂ ਹੈ, ਅਜਿਹਾ ਵਿਰੋਧ ਤੇ ਉਸ ਨੂੰ ਮਜ਼ਬੂਤ ਕਰਦਾ ਹੈ। ਉਹਨਾਂ ਦੇ ਮੁਕਾਬਲੇ ਆਪਣੀ ਵਿਚਾਰਧਾਰਾ (ਮਸਲੇ ਹੱਲ ਕਰਦੀ ਵਿਚਾਰਧਾਰਾ) ਦਾ ਪ੍ਰਚਾਰ-ਪਸਾਰ, ਲੋਕਾਂ ਨੂੰ ਆਪਣੇ ਵਿਚਾਰ ਵੱਲ ਕਰ ਲੈਣ ਵਾਲਾ ਅਮਲ, ਪਰੋਲਤਾਰੀ-ਪੱਖ ਦੇ ਵਿਚਾਰਾਂ ਦਾ ਲੋਕ-ਮਨਾਂ

'ਤੇ ਚੜ੍ਹਨ ਦਾ ਅਮਲ, "ਵਿਚਾਰਧਾਰਕ-ਘੋਲ" ਹੈ। ਇਹ ਵਿਰੋਧ-ਵਿਕਾਸੀ ਹੈ; ਇਹ ਬੁਰਜੂਆ-ਧਾਰਾ ਦਾ ਵਿਰੋਧ ਵੀ ਹੈ ਅਤੇ ਆਪਣੀ, ਪਰੋਲਤਾਰੀ-ਧਾਰਾ ਦਾ ਵਿਕਾਸ ਵੀ ਹੈ। ਇਹ ਖਲਾਅ ਵਿਚ ਨਹੀਂ, ਸਮਾਜਕ ਸੰਬੰਧਾਂ ਦੇ ਬਦਲਾਓ ਭੇੜ ਦੇ ਮੈਦਾਨ ਵਿਚ ਹੁੰਦਾ ਹੈ।

ਦਾਰਸ਼ਨਿਕ ਘੋਲ : 'ਵਿਚਾਰਵਾਦ ਬਨਾਮ ਪਦਾਰਥਵਾਦ' ਵਿਚ, ਬੁਰਜੂਆਜੀ ਨੂੰ ਵਿਚਾਰਵਾਦ

ਮੁਆਫਕ ਹੈ, ਜਦੋਂ ਕਿ ਜਗੀਰੂ ਪ੍ਰਬੰਧ ਵਿਰੁੱਧ, ਇਕ ਅਰਸੇ ਲਈ ਉਸ ਨੂੰ ਪਦਾਰਥਵਾਦ ਵੀ ਰਾਸ ਸੀ। ਜਮਾਤੀ-ਹਿੱਤ ਵਿਚ, ਦਰਸ਼ਨ ਦੀ (ਆਰਜ਼ੀ ਥਾਂ) ਬਦਲੀ ਸੰਭਵ ਹੈ। ਅਸਲ ਵਿਚ ਸੱਤਾ-ਹੀਣ ਅਤੇ ਸੱਤਾ-ਵਾਨ ਦੀ ਥਾਂ ਬਦਲੀ ਨਾਲ ਦਰਸ਼ਨ ਬਦਲ ਜਾਣਾ ਸੰਭਵ ਹੈ, ਸਵਾਏ ਚੇਤਨ-ਸਾਂਝੀਵਾਲ-ਸੱਤਾ ਦੇ। 'ਚੇਤਨ-ਸਾਂਝੀਵਾਲ-ਸੱਤਾ' ਦਾ ਦਰਸ਼ਨ ਲਾਜ਼ਮੀ ਪਦਾਰਥਵਾਦੀ ਹੀ ਹੋਵੇਗਾ।....

ਭਾਗ-28

ਜਦੋਂ ਭੌਤਿਕ-ਵਿਗਿਆਨ ਨੇ ਵਿਚਾਰਵਾਦ ਨੂੰ ਅਖਾੜੇ 'ਚੋਂ ਬਾਹਰ ਦਾ ਰਸਤਾ ਦਿਖਾਇਆ ਤਾਂ,

ਉਦੋਂ ਤੋਂ ਬੁਰਜੂਆ-ਸੱਤਾ ਨੇ ਭੌਤਿਕ-ਵਿਗਿਆਨ ਦੀਆਂ ਲੱਭਤਾਂ ਨੂੰ ਵਿਚਾਰਵਾਦ ਦੇ ਹੱਕ ਵਿਚ ਤੋੜਨਾ-ਮਰੋੜਨਾ, ਹਥਿਆਉਣਾ ਤੇਜ਼ ਕੀਤਾ ਹੈ।

ਉਸ ਦੇ ਵਿਚਾਰਵਾਨ, ਦਾਰਸ਼ਨਿਕ ਧਾਰਨਾਵਾਂ ਅਤੇ ਪਰਵਰਗ (Categories) ਬਦਲਣ ਲੱਗੇ ਹਨ। ਉਦਾਹਰਨ ਵਜੋਂ :

* ਭੌਤਿਕਵਾਦੀ-ਆਈਨਸਟਾਈਨ ਦੀ 'ਪੁਲਾੜ-

ਸਮਾਂ' (space-time four dimensions) ਧਾਰਨਾ ਨੂੰ ਵਿਗਾੜਨ 'ਤੇ ਜ਼ੋਰ ਦੇਣ ਲੱਗੇ ਹਨ। ਉਹ "ਮਹਾਂ-ਧਮਾਕਾ" ਮੱਤ (doctrine) ਰਾਹੀਂ ਆਈਨਸਟਾਈਨ ਨੂੰ ਸੋਧਣ ਦੇ ਨਾਂਅ 'ਤੇ ਰੱਦਣ ਲੱਗੇ ਹਨ। ਉਹ ਸੱਚ ਵੱਲ ਵਧਣ ਦਾ ਰਾਹ ਰੋਕ ਰਹੇ ਹਨ।

* ਮਾਰਕਸ ਦੇ "ਇਤਿਹਾਸ ਦਾ ਪਦਾਰਥਵਾਦੀ ਵਿਖਿਆਨ" ਨੂੰ ਝੁਠਲਾਉਣ ਜਾਂ ਘੱਟੋ-ਘੱਟ ਧੁੰਦਲਾਉਣ, ਵਿਸਾਰਨ 'ਤੇ ਜ਼ੋਰ ਲਾ ਰਹੇ ਹਨ। ਉਹ ਕੇਵਲ ਇਤਿਹਾਸ ਦੀ ਧਾਰਾ ਬਣਾ, ਪਰਚਾਰ ਰਹੇ ਹਨ। ਬਦਲਾਓ ਦੇ ਪਦਾਰਥਕ-ਕਾਰਨ ਗੈਬ ਕਰ ਰਹੇ ਹਨ। ਉਹ 'ਕਾਰਨ ਤੇ ਪ੍ਰਭਾਵ' ਨੇਮ ਵਿਰੁੱਧ ਹਨ।

* "ਜਮਾਤੀ-ਘੋਲ" ਦੀ ਧਾਰਨਾ ਭੁਲਾ ਕੇ ਉਹ 'ਮਜ਼ਦੂਰ-ਘੋਲ', 'ਕਿਸਾਨ-ਘੋਲ' ਦੀ ਧਾਰਨਾ ਪ੍ਰਚਾਰਨ 'ਤੇ ਜ਼ੋਰ ਲਾ ਰਹੇ ਹਨ। ਇਹ ਸਰਮਾਏਦਾਰੀ ਨੂੰ ਸਦੀਵੀ ਬਣਾਉਣ ਦੀ ਵਿਚਾਰਧਾਰਾ ਹੈ। ਉਹ ਪਦਾਰਥਵਾਦ ਦੀ ਥਾਂ ਪ੍ਰਯੋਗਵਾਦ ਵੱਲ ਮੋੜਾ ਦੇਣ ਲੱਗੇ ਹਨ।

* 'ਮੁੱਲ ਦਾ ਕਿਰਤ ਸਿਧਾਂਤ' (Labour-theory of value) ਨੂੰ "ਲੇਬਰ-ਥਿਊਰੀ" ਪਰਚਾਰ ਕੇ, ਬੁਰਜੂਆ ਚਾਸਨੀ ਰਾਹੀਂ, 'ਮੁੱਲ' ਦਾ ਬੁਰਜੂਆ-ਸਿਧਾਂਤ, "ਚਾਲੂ-ਸਰਮਾਇਆ" (Circulating Capital=CC) ਪਰਚਾਰਿਆ, ਪੜ੍ਹਾਇਆ ਅਤੇ ਨਵੀਂ ਪੀੜ੍ਹੀ ਨੂੰ ਰਟਾਇਆ ਜਾ ਰਿਹਾ ਹੈ।

* ਮਾਰਕਸਵਾਦ ਦੀ ਇਨਕਲਾਬੀ ਬਦਲਾਓ ਦੀ ਰੂਹ ਨੂੰ ਖਾਰਜ ਕਰ ਕੇ, ਬਾਕੀ ਬਚਿਆ ਫੋਕਟ ਜੋ ਸਰਮਾਏਦਾਰੀ ਨੂੰ ਮੁਆਫਕ ਹੈ; ਜੋ "ਕਾਨੂੰਨੀ-ਮਾਰਕਸਵਾਦ" ਹੈ, ਉਸ ਨੂੰ ਹੀ ਮਾਰਕਸਵਾਦ ਪਰਚਾਰ ਕੇ, ਮਾਰਕਸਵਾਦ; ਦਰਸ਼ਨ ਦੇ ਤੌਰ 'ਤੇ "ਅਸਫਲ" ਦਰਸਾਉਣ ਦੀ ਨਾਕਾਮ ਕੋਸ਼ਿਸ਼ ਹੈ, ਪਰ ਇਹ ਕੂੜ ਪ੍ਰਚਾਰ ਨਵਿਆਂ ਅਤੇ ਅਣਜਾਣਾਂ ਨੂੰ ਗੁੰਮਰਾਹ ਕਰਨ ਲਈ ਕਾਫੀ ਹੈ। ਉਹ ਓਨੀ ਦੇਰ ਗੁੰਮਰਾਹ ਹੁੰਦੇ ਰਹਿਣਗੇ, ਜਦੋਂ ਤੱਕ ਇਹ ਨਹੀਂ ਜਾਣ ਲੈਂਦੇ ਕਿ ਸਹੀ ਕੀ ਹੈ? ਇਹ ਕਿਉਂ ਅਤੇ ਕਿਵੇਂ ਸਹੀ ਹੈ?

ਸਾਹਿਤ ਅਤੇ ਕਲਾ ਦੀ ਕੋਮਲਤਾ ਅਤੇ ਕਾਰਜ-ਨਿਪੁੰਨਤਾ ਵਿੱਚ ਉਸ ਦਾ ਯੋਗਦਾਨ ਨਕਾਰਨ ਲਈ ਸਰਮਾਏ ਦੀ ਸੱਤਾ ਪੱਬਾਂ ਭਾਰ ਹੈ। ਉਹ ਸਾਹਿਤਕਾਰਾਂ, ਕਲਾਕਾਰਾਂ ਨੂੰ ਸੱਤਾ ਦੇ ਚਾਟ

26-Nov-Sunday.qxd 11/25/2023 10:40 PM Page 5



# ਭਾਰਤ ਲਈ ਹਨੇਰਾ ਸਮਾਂ ਹੈ, ਜਿੱਥੇ ਰਾਹ ਦਿਖਾਉਣ ਵਾਲਾ ਜੁਗਨੂੰ ਵੀ ਕੋਈ ਨਹੀਂ ਲੱਭਦਾ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਪਿਛਲੇ ਦਿਨੀਂ ਇੱਕ ਸਮਾਜੀ ਸਮਾਗਮ ਵਿੱਚ ਉਸ ਵੇਲੇ ਬੜੀ ਅਜੀਬ ਸਥਿਤੀ ਹੋ ਗਈ, ਜਦੋਂ ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀਆਂ ਵਿੱਚੋਂ ਇੱਕ ਜਣਾ ਦਿੱਸ ਪਿਆ, ਪਰ ਦੂਰ ਖੜ੍ਹਾ ਏਦਾਂ ਵੇਖੀ ਜਾਵੇ, ਜਿਵੇਂ ਮਿਲਣਾ ਚਾਹੁੰਦਾ ਸੀ, ਬੱਸ ਮੌਕਾ ਉਡੀਕਦਾ ਪਿਆ ਸੀ। ਸਾਡੇ ਨਾਲ ਕੁਝ ਇਹੋ ਜਿਹੇ ਲੋਕ ਖੜ੍ਹੇ ਸਨ, ਜਿਹੜੇ ਇਸ ਵਕਤ ਭਾਜਪਾ ਆਗੂ ਹਨ ਤੇ ਕਦੇ ਉਹ ਵੀ ਉਸ ਨਾਲ ਕਾਂਗਰਸ ਪਾਰਟੀ ਵਿੱਚ ਹੁੰਦੇ ਸਨ। ਉਹ ਖੁਦ ਵੀ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ ਤੇ ਬਾਅਦ ਵਿੱਚ ਕਾਂਗਰਸ ਵੱਲ ਵਾਪਸ ਆਇਆ ਸੀ। ਉਸ ਦੀ ਦੋਚਿੱਤੀ ਵੇਖ ਕੇ ਅਸੀਂ ਖੁਦ ਉਸ ਵੱਲ ਜਾਣ ਦਾ ਮਨ ਬਣਾਇਆ ਤਾਂ ਸਾਨੂੰ ਆਉਂਦੇ ਵੇਖ ਕੇ ਉਹ ਖੁਦ ਹੀ ਸਾਡੇ ਵੱਲ ਤੁਰ ਪਿਆ। ਬਾਅਦ ਵਿੱਚ ਅਸੀਂ ਗੱਲਾਂ ਵਿੱਚ ਉਸ ਤੋਂ ਪੁੱਛਿਆ ਕਿ ਦੂਰੋਂ ਕਿਉਂ ਵੇਖੀ ਜਾਂਦਾ ਸੀ ਤੇ ਉਹ ਕੋਲ ਕਿਉਂ ਨਹੀਂ ਸੀ ਆ ਰਿਹਾ। ਉਸ ਦਾ ਸਿੱਧਾ ਜਵਾਬ ਸੀ ਕਿ ਤੁਹਾਡੇ ਕੋਲ ਭਾਜਪਾ ਦਾ ਫਲਾਣਾ ਆਗੂ ਖੜ੍ਹਾ ਸੀ, ਇਸ ਕਰ ਕੇ ਮੈਂ ਓਥੇ ਨਹੀਂ ਸੀ ਆਉਣਾ ਚਾਹੁੰਦਾ। ਮੈਂ ਹੱਸ ਕੇ ਕਿਹਾ ਕਿ ਉਸ ਤੋਂ ਪਹਿਲਾਂ ਤਾਂ ਤੁਸੀਂ ਵੀ ਭਾਜਪਾ ਵਿੱਚ ਗਏ ਸੀ, ਫਿਰ ਵਾਪਸ ਆ ਗਏ, ਇਹ ਵੀ ਚੰਗਾ ਤਮਾਸ਼ਾ ਹੈ। ਉਸ ਨੇ ਲੁਕਾਉਣ ਬਿਨਾਂ ਕਿਹਾ ਕਿ ਏਸੇ ਲੀਡਰ ਦੇ ਵਿਰੋਧ ਕਾਰਨ ਓਥੇ ਗਿਆ ਸਾਂ, ਜਦੋਂ ਇਹ ਵੀ ਓਥੇ ਪਹੁੰਚ ਗਿਆ ਤਾਂ ਮੈਂ ਮੋੜਾ ਪਾ ਲਿਆ । ਮੈਂ ਅਗਲਾ ਸਵਾਲ ਪੁੱਛ ਲਿਆ ਕਿ ਜੇ ਭਲਕ ਨੂੰ ਉਹ ਆਗੂ ਵੀ ਫਿਰ ਕਾਂਗਰਸ ਵੱਲ ਮੁੜ ਆਇਆ ਤਾਂ ਤੁਸੀਂ ਕਿੱਥੇ ਜਾਉਗੇ? ਉਸ ਨੇ ਮੋੜਵਾਂ ਸਵਾਲ ਸਾਡੇ ਅੱਗੇ ਰੱਖ ਦਿੱਤਾ ਕਿ ਕੀ ਉਹ ਬੰਦਾ ਵੀ ਸੱਚਮੁੱਚ ਵਾਪਸੀ ਕਰ ਸਕਦਾ ਹੈ?

ਪਤਾ ਨਹੀਂ ਕਿਉਂ ਉਸ ਨੂੰ ਇਹ ਗੱਲ ਪੱਲੇ ਨਹੀਂ ਸੀ ਪੈਂਦੀ ਕਿ ਭਾਰਤ ਦੀ ਰਾਜਨੀਤੀ ਵਿੱਚ ਏਦਾਂ ਕਰਨ ਵਾਸਤੇ ਕਿਸੇ ਨੂੰ ਰੂਟ ਪਰਮਿਟ ਕਦੇ ਨਹੀਂ ਲੈਣਾ ਪੈਂਦਾ, ਬਹੁਤ ਸਾਰੇ ਲੋਕ ਇਸ ਤਰ੍ਹਾਂ ਆਪਣੀ ਪਾਰਟੀ ਛੱਡ ਕੇ ਦੂਜੀ ਵੱਲ ਜਾਂਦੇ ਅਤੇ ਫਿਰ ਪਹਿਲੀ ਪਾਰਟੀ ਵੱਲ ਮੁੜਦੇ ਰਹਿੰਦੇ ਹਨ। ਏਦਾਂ ਦਾ ਕੰਮ ਕਦੇ ਕਿਸੇ ਇੱਕ ਜਾਂ ਦੂਸਰੀ ਪਾਰਟੀ ਤੀਕਰ ਸੀਮਤ ਨਹੀਂ ਰਿਹਾ, ਕਾਂਗਰਸ ਅਤੇ ਭਾਜਪਾ ਵਰਗੀਆਂ ਦੇਸ਼ ਦੀ ਰਾਜ-ਗੱਦੀ ਵਾਸਤੇ ਲੜਦੀਆਂ ਪਿਰਾਂ ਤੋਂ ਲੈ ਕੇ ਕਿਸੇ ਰਾਜ ਦੀ ਕਿਸੇ ਟੁੱਟੀ-ਭੱਜੀ ਧਿਰ ਤੱਕ ਸਾਰੀਆਂ ਵਿੱਚ ਇਹ ਕੁਝ ਹੁੰਦਾ ਰਹਿੰਦਾ ਹੈ, ਪਰ ਕਮਾਲ ਦੀ ਗੱਲ ਹੈ ਕਿ ਜਿਹੜੇ ਲੀਡਰ ਨੂੰ ਇਸ ਦਾ ਤਜਰਬਾ ਇੱਕ ਵਾਰ ਹੋ ਗਿਆ ਹੋਵੇ, ਇਸ ਤਰ੍ਹਾਂ ਕਰਨ ਤੋਂ ਉਹ ਵੀ ਨਹੀਂ ਰਹਿੰਦਾ। ਸਾਡੇ ਪੰਜਾਬ ਦਾ ਤਜਰਬਾ ਵੀ ਇਹੋ ਹੈ ਤੇ ਭਾਰਤ ਦੇਸ਼ ਦੀ ਰਾਜਨੀਤੀ ਦਾ ਵੀ ਮੁਢਲੇ ਦਿਨਾਂ ਤੋਂ ਅੱਜ ਤੱਕ ਦਾ ਇਤਿਹਾਸਕ ਰਿਕਾਰਡ ਇਹੋ ਹੈ।

ਇੱਕ ਕਾਂਗਰਸੀ ਲੀਡਰ ਅਤੇ ਕੇਂਦਰੀ ਮੰਤਰੀ ਹੇਮਵਤੀ ਨੰਦਨ ਬਹੁਗੁਣਾ ਹੁੰਦਾ ਸੀ, ਜਿਸ ਨੂੰ ਉੱਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਬਣਨ ਦਾ ਮੌਕਾ ਇੰਦਰਾ ਗਾਂਧੀ ਨੇ ਦਿੱਤਾ ਸੀ। ਫਿਰ ਇੰਦਰਾ ਗਾਂਧੀ ਦਾ ਸਾਥ ਛੱਡ ਕੇ ਪਹਿਲਾਂ ਕਾਂਗਰਸ ਫਾਰ ਡੈਮੋਕਰੇਸੀ ਬਣਾਉਣ ਵਾਲਿਆਂ ਵਿੱਚ ਸ਼ਾਮਲ ਹੋਇਆ, ਓਥੋਂ ਜਨਤਾ ਪਾਰਟੀ ਵਿੱਚ ਗਿਆ ਤੇ ਫਿਰ ਚੌਧਰੀ ਚਰਨ ਸਿੰਘ ਦੀ ਸਰਕਾਰ ਦਾ ਥੋੜ੍ਹਾ ਚਿਰ ਖਜ਼ਾਨਾ ਮੰਤਰੀ ਰਿਹਾ। ਪੌਣੇ ਤਿੰਨ ਸਾਲ ਪਿੱਛੋਂ ਇੰਦਰਾ ਕਾਂਗਰਸ ਵਾਲੀ ਟਿਕਟ ਉੱਤੇ ਉਹ ਪਾਰਲੀਮੈਂਟ ਮੈਂਬਰ ਬਣਿਆ ਅਤੇ ਦੋ ਸਾਲਾਂ ਪਿੱਛੋਂ ਫਿਰ ਛੱਡ ਗਿਆ। ਬਾਅਦ ਵਿੱਚ ਉਸ ਦਾ ਪੁੱਤਰ ਵਿਜੇ ਬਹੁਗੁਣਾ ਓਸੇ ਕਾਂਗਰਸ ਪਾਰਟੀ ਵੱਲੋਂ ਉੱਤਰਾਖੰਡ ਦਾ ਮੁੱਖ ਮੰਤਰੀ ਬਣਿਆ, ਪਰ ਜਦੋਂ ਗੱਦੀ ਖੁੱਸ ਗਈ ਤਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ ਸੀ। ਅੱਜਕੱਲ੍ਹ ਉਸੇ ਵਿਜੇ ਬਹੁਗੁਣਾ ਦਾ ਪੁੱਤਰ ਸੌਰਭ ਬਹੁਗੁਣਾ ਭਾਜਪਾ ਵੱਲੋਂ ਪਾਰਲੀਮੈਂਟ ਮੈਂਬਰ ਹੈ ਤੇ ਵਿਜੇ ਦੀ ਭੈਣ ਰੀਟਾ ਬਹੁਗੁਣਾ ਜੋਸ਼ੀ ਵੀ ਭਾਜਪਾ ਦੀ ਪਾਰਲੀਮੈਂਟ ਮੈਂਬਰ ਹੈ। ਕਿਸੇ ਸਮੇਂ ਇਹੋ ਰੀਤਾ ਬਹੁਗੁਣਾ ਹਰ ਚੈਨਲ ਉੱਤੇ ਭਾਜਪਾ ਦੇ ਖਿਲਾਫ ਬੋਲਣ ਜਾਂਦੀ ਹੁੰਦੀ ਸੀ। ਬਾਬੂ ਜਗਜੀਵਨ ਰਾਮ ਦੇਸ਼ ਦੀ ਆਜ਼ਾਦੀ ਮਿਲਣੋਂ ਪਹਿਲਾਂ ਅੰਗਰੇਜ਼ਾਂ ਵੇਲੇ ਬਣਾਈ ਗਈ ਭਾਰਤ ਦੀ ਕੱਚੀ ਸਰਕਾਰ ਦਾ ਕਾਂਗਰਸ ਨੇ ਕਿਰਤ ਮੰਤਰੀ ਬਣਾਇਆ ਸੀ। ਆਜ਼ਾਦੀ ਮਿਲਣ ਪਿੱਛੋਂ ਸਾਢੇ ਉਨਤਾਲੀ ਸਾਲ ਲਗਭਗ ਹਰ ਕੇਂਦਰੀ ਸਰਕਾਰ ਵਿੱਚ ਕਾਂਗਰਸ ਦਾ ਮੰਤਰੀ ਬਣਿਆ ਰਿਹਾ ਤੇ ਜਨਤਾ ਪਾਰਟੀ ਦੀ ਚੜ੍ਹਤ ਹੁੰਦੀ ਵੇਖ ਕੇ ਇੰਦਰਾ ਗਾਂਧੀ ਨੂੰ ਛੱਡ ਕੇ ਉਨ੍ਹਾਂ ਨਾਲ ਜਾ ਰਲਿਆ ਸੀ। ਜਦੋਂ ਜਨਤਾ ਪਾਰਟੀ ਸਰਕਾਰ ਦਾ ਭੋਗ ਪੈ ਗਿਆ ਅਤੇ ਹੋਰ ਸਾਰੇ ਹੀਲੇ ਪਰਖ ਕੇ ਅਸਫਲ ਹੋ ਗਿਆ ਤਾਂ ਫਿਰ ਕਾਂਗਰਸ ਵੱਲ ਮੁੜ ਆਇਆ ਸੀ। ਏਦਾਂ ਦੇ ਕਿੰਨੇ ਕੁ ਆਗੂ ਕਿਹੜੀ ਪਾਰਟੀ ਵਿੱਚ ਕਿਹੜੇ ਭਾਰਤੀ ਰਾਜ ਵਿੱਚ ਗਏ ਅਤੇ ਮੁੜੇ ਹਨ, ਗਿਣਤੀ ਕਰਨੀ ਔਖੀ ਹੋ ਜਾਂਦੀ ਹੈ।

ਪੰਜਾਬ ਵਿੱਚ ਸਭ ਤੋਂ ਵੱਧ ਪਲਟੀਆਂ ਮਾਰਨ ਦਾ ਰਿਕਾਰਡ ਸ਼ਾਇਦ ਮਨਪ੍ਰੀਤ ਸਿੰਘ ਬਾਦਲ ਦਾ ਹੈ। ਉਹ ਜਵਾਨੀ ਵੇਲੇ ਕਾਮਰੇਡਾਂ ਦਾ ਸਾਥੀ ਹੁੰਦਾ ਸੀ, ਬਦਲ ਗਏ ਹਾਲਾਤ ਵਿੱਚ ਤਾਏ ਦੇ ਕਹਿਣ ਉੱਤੇ ਅਕਾਲੀ ਦਲ ਵੱਲੋਂ ਚੋਣ ਲੜ ਕੇ ਜਿੱਤੀ ਅਤੇ ਫਿਰ ਉਸ ਪਾਸੇ ਤੋਂ ਰਾਜ ਦਾ ਖਜ਼ਾਨਾ ਮੰਤਰੀ ਰਿਹਾ ਸੀ। ਤਾਏ ਦੇ ਪੁੱਤ ਨਾਲ ਸੁਭਾਅ ਨਾ ਮਿਲ ਸਕਣ ਕਾਰਨ ਉਸ ਨੇ ਅਕਾਲੀ ਦਲ ਛੱਡ ਕੇ ਪੀਪਲਜ਼ ਪਾਰਟੀ ਆਫ ਪੰਜਾਬ ਬਣਾਈ ਤੇ ਮੁੱਖ ਮੰਤਰੀ ਬਣਨ ਦੇ ਸੁਫਨੇ ਲੈਂਦਾ ਸੁਣਿਆ ਗਿਆ ਸੀ। ਜਦੋਂ ਅੰਗੂਰ ਖੱਟੇ ਨਿਕਲੇ ਤਾਂ ਕਾਂਗਰਸ ਵਿੱਚ ਸ਼ਾਮਲ ਹੋ ਕੇ ਓਧਰੋਂ ਖਜ਼ਾਨਾ ਮੰਤਰੀ ਬਣ ਗਿਆ, ਪਰ ਜਦੋਂ ਪਿਛਲੇ ਸਾਲ ਕਾਂਗਰਸ ਪਾਰਟੀ ਹਾਰ ਗਈ ਤਾਂ ਪੰਜਵੀਂ ਥਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ। ਅੱਗੋਂ ਉਹ ਕਿਸ ਪਾਸੇ ਵੱਲ ਜਾਵੇਗਾ, ਪਤਾ ਨਹੀਂ, ਪਰ ਆਗੂ ਹੋਣ ਕਰ ਕੇ ਗਾਰੰਟੀ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਭਾਜਪਾ ਚੱਲ ਗਏ ਕਈ ਹੋਰ ਆਗੂ ਅੱਜਕੱਲ੍ਹ ਏਦਾਂ ਕਹਿੰਦੇ ਹਨ ਕਿ 'ਆਉਣ ਦਾ ਖਾਸ ਫਾਇਦਾ ਨਹੀਂ ਹੋਇਆ , ਉਨ੍ਹਾਂ ਵਿੱਚ ਮਨਪ੍ਰੀਤ ਸਿੰਘ ਬਾਦਲ ਵੀ ਸ਼ਾਮਲ ਹੈ ਜਾਂ ਨਹੀਂ, ਇਹ ਤਾਂ ਕਿਸੇ ਨੇ ਦੱਸਿਆ ਨਹੀਂ, ਪਰ ਪਿਛਲਾ ਤਜਰਬਾ ਇਹੋ ਹੀ ਹੈ ਕਿ ਭਵਿੱਖ ਵਿੱਚ ਵੀ ਉਹ ਬੰਦਾ 'ਜਿੱਥੇ ਵੇਖੋ ਤਵਾ-ਪਰਾਤ, ਓਥੇ ਗੁਜ਼ਾਰ ਦਿਉ ਸਾਰੀ ਰਾਤ' ਵਾਲੀ ਰਾਜਨੀਤੀ ਉੱਤੇ ਚੱਲ ਸਕਦਾ ਹੈ।

ਉਂਜ ਪੰਜਾਬ ਦੀ ਰਾਜਨੀਤੀ ਵਿੱਚ ਇਸ ਰੁਝਾਨ ਦੇ ਮੁੱਢ ਦਾ ਸਭ ਤੋਂ ਵੱਡਾ ਪ੍ਰਤੀਕ ਪ੍ਰਤਾਪ ਸਿੰਘ ਕੈਰੋਂ ਕਿਹਾ ਜਾ ਸਕਦਾ ਹੈ। ਉਸ ਨੇ ਰਾਜਨੀਤੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ ਸੀ, ਬਾਅਦ ਵਿੱਚ ਕਾਂਗਰਸ ਵੱਲੋਂ ਪੰਜਾਬ ਦਾ ਮੰਤਰੀ ਵੀ ਬਣਿਆ ਅਤੇ ਮੁੱਖ ਮੰਤਰੀ ਵੀ ਤੇ ਉਸ ਦੌਰ ਵਿੱਚ ਉਹ ਅਕਾਲੀਆਂ ਦਾ ਸਭ ਤੋਂ ਵੱਡਾ ਵਿਰੋਧੀ ਗਿਣਿਆ ਜਾਂਦਾ ਸੀ। ਜਦੋਂ ਉਸ ਦਾ ਦੇਹਾਂਤ ਹੋ ਗਿਆ, ਉਸ ਦਾ ਪੁੱਤਰ ਸੁਰਿੰਦਰ ਸਿੰਘ ਕੈਰੋਂ ਪਹਿਲੀ ਚੋਣ ਵੇਲੇ ਅਕਾਲੀ ਉਮੀਦਵਾਰ ਬਣਿਆ ਅਤੇ ਜਿੱਤਿਆ, ਪਰ ਦੂਜੀ ਚੋਣ ਤੱਕ ਕਾਂਗਰਸ ਵੱਲ ਮੁੜ ਪਿਆ ਸੀ। ਪ੍ਰਕਾਸ਼ ਸਿੰਘ ਬਾਦਲ ਦੇ ਤੀਜੀ ਵਾਰ ਮੁੱਖ ਮੰਤਰੀ ਬਣਨ ਵੇਲੇ ਉਹੋ ਸੁਰਿੰਦਰ ਸਿੰਘ ਕੈਰੋਂ ਕੁੜਮਾਚਾਰੀ ਦੇ ਦਬਾਅ ਸਦਕਾ ਆਪਣੇ ਪੁੱਤਰ ਆਦੇਸ਼ ਪ੍ਰਤਾਪ ਸਿੰਘ ਨੂੰ ਟਿਕਟ ਦਿਵਾ ਕੇ ਅਕਾਲੀ ਦਲ ਦਾ ਵਿਧਾਇਕ ਤੇ ਮੰਤਰੀ ਬਣਾਉਣ ਵਿੱਚ ਸਫਲ ਹੋ ਗਿਆ ਅਤੇ ਪੁੱਤਰ ਨਾਲ ਉਹ ਅਕਾਲੀ ਦਲ ਵਿੱਚ ਚਲਾ ਗਿਆ ਸੀ। ਬੀਰ ਦਵਿੰਦਰ ਸਿੰਘ ਤੇ ਜਗਮੀਤ ਸਿੰਘ ਬਰਾੜ ਦੇ ਕੇਸ ਵੀ ਸਾਡੇ ਸਾਹਮਣੇ ਹਨ। ਅਕਾਲੀ ਦਲ ਤੋਂ ਤੁਰੇ ਇਹ ਦੋਵੇਂ ਜਣੇ ਉਸ ਪਾਰਟੀ ਨੂੰ ਛੱਡਣ ਅਤੇ ਕਾਂਗਰਸ ਵਿੱਚ ਜਾਣ ਨੂੰ ਮਜਬੂਰ ਕਰ ਦਿੱਤੇ ਗਏ ਸਨ, ਪਰ ਲੰਮਾ ਮੋੜਾ ਕੱਟਣ ਪਿੱਛੋਂ ਫਿਰ ਅਕਾਲੀ ਦਲ ਵੱਲ ਮੁੜਦੇ ਵੇਖੇ ਗਏ, ਵੱਖਰੀ ਗੱਲ ਹੈ ਕਿ ਅਕਾਲੀ ਦਲ ਵਿੱਚ ਪੈਰ ਨਹੀਂ ਸਨ ਲੱਗ ਸਕੇ ਤੇ ਫਿਰ ਉਸ ਪਾਰਟੀ ਤੋਂ ਨਿਕਲਣ ਲਈ ਮਜਬੂਰ ਕਰ ਦਿੱਤੇ ਗਏ ਸਨ। ਏਦਾਂ ਦੇ ਹੋਰ ਬਹੁਤ ਸਾਰੇ ਆਗੂ ਵੀ ਸਾਡੇ ਪੰਜਾਬ ਵਿੱਚ ਆਰਾਮ ਨਾਲ ਮਿਲ ਜਾਣਗੇ, ਜਿਨ੍ਹਾਂ ਦੀ ਲੰਮੀ ਸੂਚੀ ਪੜ੍ਹਨ ਦਾ ਕੋਈ ਫਾਇਦਾ ਨਹੀਂ।

ਉੱਘੜਵੀਂ ਮਿਸਾਲ ਕੈਪਟਨ ਅਮਰਿੰਦਰ ਸਿੰਘ ਦੀ ਹੈ। ਇੰਦਰਾ ਗਾਂਧੀ ਦੇ ਇੱਕ ਵਾਰ ਰਾਜ ਗੁਆ ਲੈਣ ਪਿੱਛੋਂ ਉਸ ਦੀ ਦੁਬਾਰਾ ਚੜ੍ਹਤ ਵੇਲੇ ਅਮਰਿੰਦਰ ਸਿੰਘ ਉਸ ਦੀ ਕਾਂਗਰਸ ਵੱਲੋਂ ਲੋਕ ਸਭਾ ਚੋਣ ਜਿੱਤਿਆ ਸੀ, ਪਰ ਚਾਰ ਸਾਲ ਪਿੱਛੋਂ ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਚਲਾ ਗਿਆ ਸੀ। ਬੇਅੰਤ ਸਿੰਘ ਦੀ ਸਰਕਾਰ ਵੇਲੇ ਉਹ ਅਕਾਲੀ ਵਿਧਾਇਕ ਹੁੰਦਾ ਸੀ, ਅਗਲੀ ਵਾਰੀ ਜਦੋਂ ਅਕਾਲੀ ਦਲ ਦੀ ਕਮਾਂਡ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਗਈ ਅਤੇ ਉਸ ਨੇ ਵਿਧਾਨ ਸਭਾ ਚੋਣਾਂ ਦੀ ਟਿਕਟ ਵੀ ਨਾ ਦਿੱਤੀ ਤਾਂ ਕਾਂਗਰਸ ਵੱਲ ਪਰਤ ਗਿਆ। ਇਸ ਦੇ ਬਾਅਦ ਉਸ ਨੇ ਕਾਂਗਰਸ ਦੀ ਅਗਵਾਈ ਕੀਤੀ ਤੇ ਦੋ ਵਾਰੀ ਓਸੇ ਪ੍ਰਕਾਸ਼ ਸਿੰਘ ਬਾਦਲ ਤੋਂ ਰਾਜ ਖੋਹਿਆ, ਪਰ ਜਦੋਂ ਕਾਂਗਰਸੀ ਰਾਜ ਦੇ ਨਜ਼ਾਰੇ ਖਤਮ ਹੋਏ ਤਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ। ਅੱਜਕੱਲ੍ਹ ਉਹ ਭਾਜਪਾ ਦੀ ਕੇਂਦਰੀ ਟੀਮ ਦਾ ਮੈਂਬਰ ਹੈ ਤੇ ਉਸ ਦੀ ਵਫਾਦਾਰੀ ਵਾਲੇ ਜਿਹੜੇ ਪੁਰਾਣੇ ਕਾਂਗਰਸੀ ਆਗੂ ਭਾਜਪਾ ਵੱਲ ਦੌੜਦੇ ਦਿੱਸਦੇ ਸਨ, ਉਹ ਕੈਪਟਨ ਦੀ ਛਤਰ ਛਾਇਆ ਦੀ ਝਾਕ ਵਿੱਚ ਗਏ ਸਨ। ਓਥੇ ਜਾ ਕੇ ਪਤਾ ਲੱਗਾ ਕਿ ਹਾਲਾਤ ਭਾਜਪਾ ਵਿੱਚ ਵੀ ਉਨ੍ਹਾਂ ਵਾਸਤੇ ਸੁਖਾਵੇਂ ਨਹੀਂ, ਹਰ ਕੋਈ ਇਹੋ ਗੱਲਾਂ ਕਰਦਾ ਸੀ ਕਿ ਪੰਜਾਬ ਦਾ ਖਜ਼ਾਨਾ ਚੱਬਣ ਵਾਲੀ ਇਹ ਸਾਰੀ ਢਾਣੀ ਏਥੇ ਆ ਗਈ ਹੈ, ਇਨ੍ਹਾਂ ਨੂੰ ਲੈ ਕੇ ਅਸੀਂ ਤੁਰੇ ਤਾਂ ਪੰਜਾਬ ਦੇ ਲੋਕਾਂ ਨੂੰ ਮੂੰਹ ਨਹੀਂ ਵਿਖਾਇਆ ਜਾਣਾ। ਇਸ ਕਰ ਕੇ ਭਾਜਪਾ ਵਿੱਚ ਘੁਟਨ ਮਹਿਸੂਸ ਕਰ ਕੇ ਕੈਪਟਨ ਦੇ ਕਈ ਚੇਲੇ ਪਿੱਛੇ ਮੁੜ ਆਏ ਹਨ। ਕਾਂਗਰਸ ਹਾਈ ਕਮਾਨ ਜ਼ਰਾ ਕੁ ਹਾਮੀ ਭਰੇ ਤਾਂ ਕੈਪਟਨ ਅਮਰਿੰਦਰ ਸਿੰਘ ਵੀ ਆਉਣ ਨੂੰ ਝੱਟ ਤਿਆਰ ਹੋ ਸਕਦਾ ਹੈ। ਉਸ ਨੂੰ ਭਾਜਪਾ ਜਾਂ ਕਾਂਗਰਸ, ਅਕਾਲੀ ਜਾਂ ਕੋਈ ਵੀ ਧਿਰ ਆਪਣੀ ਨਹੀਂ ਲਗਦੀ, ਦੁਆਨੀ ਦੇ ਲਾਭ ਹੋਣ ਦੀ ਆਸ ਹੋਵੇ ਤਾਂ ਉਹ ਅਕਾਲੀ ਪਾਰਟੀ ਵਿੱਚ ਜਾ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵੀ ਮੰਨ ਸਕਦਾ ਹੈ, ਜਿਸ ਨੂੰ ਆਪਣੇ ਪਹਿਲੇ ਰਾਜ ਵੇਲੇ ਖੁਦ ਜੇਲ੍ਹ ਭੇਜਣ ਵਾਸਤੇ ਤਾਣ ਲਾ ਦਿੱਤਾ ਸੀ। ਭਾਵ ਇਹ ਕਿ ਲਗਭਗ ਸਾਰੇ ਏਹੋ ਜਿਹੇ ਹਨ।

ਜਿਹੜੇ ਸਿਆਸੀ ਆਗੂ ਇੱਕ ਜਾਂ ਦੂਸਰੀ ਠਾਹਰ ਦੀ ਝਾਕ ਜਾਂ ਭਵਿੱਖ ਦੇ ਕਿਸੇ ਵੱਡੇ ਦਾਅ ਲਈ ਏਧਰ-ਓਧਰ ਦੌੜਾਂ ਲਾਉਂਦੇ ਫਿਰਦੇ ਹਨ, ਮਾਰੂਥਲ ਦੀ ਰੇਤ ਨੂੰ ਪਾਣੀ ਮੰਨ ਕੇ ਦੌੜਾਂ ਲਾਉਣ ਵਾਲੇ ਹਿਰਨ ਵਾਂਗ ਉਨ੍ਹਾਂ ਦੀ ਇਹ ਦੌੜ ਕਿਸੇ ਪਾਸੇ ਲੱਗਣੀ ਨਹੀਂ। ਉਨ੍ਹਾਂ ਵਿੱਚੋਂ ਇੱਕ ਜਣਾ ਕਿਸੇ ਪਾਸੇ ਲੱਗਣ ਲੱਗੇ ਤਾਂ ਪਹਿਲਾਂ ਵੇਖਦਾ ਹੈ ਕਿ ਉਸ ਦੇ ਸਿਆਸੀ ਰਕੀਬ ਉਸ ਪਾਸੇ ਤਾਂ ਨਹੀਂ, ਫਿਰ ਅਗਲਾ ਰਸਤਾ ਧਾਰਨ ਕਰਦਾ ਹੈ ਅਤੇ ਜੇ ਸਿਆਸੀ ਰਕੀਬ ਉਸ ਪਾਸੇ ਦਿੱਸ ਪਵੇ ਤਾਂ ਕੂਹਣੀ ਮੋੜ ਕੱਟ ਕੇ 'ਘਰ ਵਾਪਸੀ' ਦਾ ਨਾਟਕ ਕਰਨ ਲੱਗ ਜਾਂਦਾ ਹੈ। ਇਸ ਦੇਸ਼ ਦਾ ਅਗਲਾ ਸਮਾਂ ਉਨ੍ਹਾਂ ਸਭਨਾਂ ਲਈ ਏਨੇ ਬੇਯਕੀਨੇ ਮਾਹੌਲ ਦੇ ਸੰਕੇਤ ਦੇਂਦਾ ਹੈ, ਜਿਸ ਦਾ ਉਨ੍ਹਾਂ ਆਗੂਆਂ ਨੂੰ ਕੀ, ਰਾਜਨੀਤੀ ਦੇ ਕਿਸੇ ਨਿਰਪੱਖ ਵਿਸ਼ਲੇਸ਼ਕ ਨੂੰ ਵੀ ਅੰਦਾਜ਼ਾ ਲਾਉਣਾ ਔਖਾ ਹੋਵੇਗਾ। ਜਦੋਂ ਅੱਖਾਂ ਮੂਹਰੇ ਇਸ ਦੇਸ਼ ਦਾ ਕੋਈ ਭਵਿੱਖ ਨਕਸ਼ਾ ਨਾ ਦਿੱਸਦਾ ਪਿਆ ਹੋਵੇ, ਸਿਰਫ ਅਤੇ ਸਿਰਫ ਸਰਕਾਰਾਂ ਬਣਾਉਣ ਅਤੇ ਗੱਦੀਆਂ ਉੱਤੇ ਪਹੁੰਚਣ ਅਤੇ ਪਹੁੰਚ ਜਾਣ ਤਾਂ ਉਨ੍ਹਾਂ ਗੱਦੀਆਂ ਉੱਤੇ ਟਿਕੇ ਰਹਿਣ ਦੀ ਮੋਰਚੇਬੰਦੀ ਹੀ ਪ੍ਰਮੁੱਖ ਮੁੱਦਾ ਬਣੀ ਹੋਈ ਹੋਵੇ ਤਾਂ ਫਿਰ ਲੀਡਰਾਂ ਇਕੱਲਿਆਂ ਲਈ ਨਹੀਂ, ਉਸ ਦੇਸ਼ ਦੇ ਆਮ ਲੋਕਾਂ ਵਾਸਤੇ ਵੀ ਇਹ ਘੜੀ ਕੁਲਹਿਣੀ ਕਹੀ ਜਾ ਸਕਦੀ ਹੈ। ਇਹ ਬੜਾ ਹਨੇਰਾ ਸਮਾਂ ਹੈ, ਭਾਰਤ ਦੇਸ਼ ਦੇ ਵਰਤਮਾਨ ਤੇ ਭਵਿੱਖ ਦੋਵਾਂ ਲਈ, ਜਿੱਥੇ ਰਾਹ ਦਿਖਾਉਣ ਵਾਲਾ ਕੋਈ ਜੁਗਨੂੰ ਵੀ ਨਹੀਂ ਲੱਭਦਾ।

# ਸਰਕਾਰੀ ਸਾਧ ਤੇ ਵਿਚਾਰਾ ਤਹਿਸੀਲਦਾਰ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਅਗਸਤ ਮਹੀਨਾ ਜੋ ਅਜ਼ਾਦੀ ਦਾ ਮਹੀਨਾ ਕਰਕੇ ਜਾਣਿਆ ਜਾਂਦਾ ਹੈ। ਤਕਰੀਬਨ ਸਵਾ ਛੇ ਸਾਲ ਪਹਿਲਾਂ ਉਹ ਸਾਧ, ਸੰਤ ਜਿਸ ਨੂੰ ਜਨਤਾ ਰੱਬ ਜਾਣ ਕੇ ਪੂਜਿਆ ਕਰਦੀ ਸੀ, ਪਰ ਬਾਅਦ 'ਚ ਪਤਾ ਲੱਗਾ ਕਿ ਉਹ ਸਾਧ, ਬਾਬਾ, ਬਾਪੂ ਆਪਣੇ ਆਪ ਨੂੰ ਕਹਾ ਕੇ ਧਰਮ ਓਹਲੇ ਕੁਕਰਮ ਕਰ ਰਿਹਾ ਹੈ। ਜਿਸ ਦਾ ਦੋਸ਼ ਸਾਬਤ ਹੋਇਆ ਅਗਸਤ 1917 ਵਿੱਚ, ਉਹ ਵੀ ਇੱਕ ਅਦਾਲਤੀ ਫੈਸਲੇ ਰਾਹੀਂ। ਜਿਸ ਦਾ ਫੈਸਲਾ ਇੱਕ ਨਿਧੜਕ ਨੌਜਵਾਨ ਜੱਜ ਨੇ ਤੱਥਾਂ ਦੇ ਅਧਾਰਤ 'ਤੇ ਐਸਾ ਸੁਣਾਇਆ ਕਿ ਇੱਕ ਰੱਬ ਰੂਪੀ ਸਾਧ ਨੂੰ ਸਲਾਖਾਂ ਪਿਛੇ ਜਾਣ ਨੂੰ ਮਜਬ

26-Nov-Sunday.qxd 11/25/2023 10:42 PM Page 4



# ਭਖਦੇ ਮਸਲਿਆਂ ਦਾ ਸਹਿਜ ਕਥਾ-ਪ੍ਰਵਚਨ

## ਪਰਖ ਪੜਚੋਲ

### ਜਸਵਿੰਦਰ ਕੌਰ ਬਿੰਦਰਾ

## ਮੈਲਾਨਿਨ

(ਕਹਾਣੀ ਸੰਗ੍ਰਹਿ)
ਜਸਵਿੰਦਰ ਧਰਮਕੋਟ
ਪੇਜ : 112, ਮੁੱਲ : 225 ਰੁਪਏ
ਚੇਤਨਾ ਪ੍ਰਕਾਸ਼ਨ ਲੁਧਿਆਣਾ

ਜਸਵਿੰਦਰ ਧਰਮਕੋਟ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਆਇਆ ਅਸਲੋਂ ਹੀ ਇਕ ਨਵਾਂ ਕਹਾਣੀਕਾਰ ਹੈ। ਸਿਰਫ਼ ਇਸ ਕਰਕੇ ਨਵਾਂ ਨਹੀਂ ਕਿ ਪਿਛਲੇ ਕੁਝ ਅਰਸੇ ਤੋਂ ਉਸ ਦੀਆਂ ਕਹਾਣੀਆਂ ਸਾਹਿਤਕ ਪੱਤ੍ਰਕਾਵਾਂ ਵਿੱਚ ਦੇਖਣ-ਪੜ੍ਹਨ ਨੂੰ ਮਿਲੀਆਂ, ਸਗੋਂ ਉਹ ਨਵਾਂ ਦ੍ਰਿਸ਼ਟੀਕੋਣ ਲੈ ਕੇ ਪੰਜਾਬੀ ਕਹਾਣੀ ਵਿੱਚ ਹਾਜ਼ਰ ਹੋਇਆ ਹੈ। ਉਸ ਦਾ ਪਹਿਲਾ ਕਹਾਣੀ-ਸੰਗ੍ਰਹਿ 'ਮੈਲਾਨਿਨ' ਇਸ ਗੱਲ ਦੀ ਸਾਖ਼ੀ ਭਰਦਾ ਹੈ।

ਅੱਜ ਦਾ ਦੌਰ ਤੇਜ਼ ਗਤੀ ਨਾਲ ਚਲਣ ਨਹੀਂ, ਬਲਕਿ ਭੱਜਣ ਵਾਲੇ ਪਾਸੇ ਕਾਰਜਸ਼ੀਲ ਹੈ, ਉਸ ਵਿੱਚ ਲੇਖਕ, ਕਲਾਕਾਰ ਤੇ ਫਿਲਮਕਾਰ ਜਿਹੇ ਕਲਾਵੰਦ ਤੇ ਸੁਹਜ ਦ੍ਰਿਸ਼ਟੀ ਵਾਲੇ ਵਿਅਕਤੀ ਹੀ ਇਸ ਤੇਜ਼ ਰਫ਼ਤਾਰ ਨਾਲ ਭੱਜਣ ਵਾਲਿਆਂ ਦੇ ਛੱਡੇ ਨਿਸ਼ਾਨ ਤੇ ਗੰਦਗੀ ਅਤੇ ਇਸ ਦੌੜ ਵਿੱਚ ਪਿੱਛੇ ਰਹਿ ਜਾਣ ਵਾਲਿਆਂ ਦੀ ਬੇਵਸੀ ਨੂੰ ਵਾਚਦੇ ਹਨ। ਉਨ੍ਹਾਂ ਦੀ ਸੂਖ਼ਮ ਦ੍ਰਿਸ਼ਟੀ ਤੇ ਸੰਵੇਦਨਸ਼ੀਲਤਾ ਉਨ੍ਹਾਂ ਨੂੰ ਇਨ੍ਹਾਂ ਵਰਤਾਰਿਆਂ ਵਿੱਚ ਅਣਗੌਲੇ ਤੇ ਅਣਦੇਖੇ ਰਹਿ ਗਏ ਭਾਵਾਂ, ਘਟਨਾਵਾਂ ਤੇ ਉਸ ਦੇ ਅਸਰ ਨੂੰ ਦੇਖਣ ਲਈ ਪ੍ਰੇਰਿਤ ਕਰਦੀ ਹੈ। ਕਿਸੇ ਦੇ ਜੀਵਨ ਵਿੱਚ ਵਾਪਰੀ ਘਟਨਾ ਨੂੰ ਆਪਣੇ ਆਪ ਨਾਲ ਮੇਲ ਕੇ ਲੇਖਕ ਉਸ ਅਣਜਾਣੇ ਚਰਿੱਤਰ ਦੇ ਧੁਰ ਅੰਦਰ ਲਹਿ ਜਾਂਦਾ ਹੈ। ਜ਼ਰੂਰੀ ਨਹੀਂ ਲੇਖਕ ਦਾ ਸਿੱਧਾ ਸੰਬੰਧ ਉਸ ਘਟਨਾ ਜਾਂ ਚਰਿੱਤਰ ਨਾਲ ਰਿਹਾ ਹੋਵੇ, ਪਰ ਉਸ ਵਿੱਚ ਇਹ ਹੁਨਰ ਜ਼ਰੂਰ ਹੁੰਦਾ ਹੈ ਕਿ ਉਹ ਸੁਣੀ-ਸੁਣਾਈ ਜਾਂ ਦੇਖੀ ਗੱਲ ਜਾਂ ਘਟਨਾ ਨੂੰ ਆਪਣੇ ਅੰਦਰ ਸਮੋ ਲੈਂਦਾ ਹੈ। ਬਸ ਜਦੋਂ ਕੋਈ ਗੱਲ, ਘਟਨਾ ਜਾਂ ਚਰਿਤਰ ਉਸ ਨੂੰ ਟੁੰਬ ਜਾਂਦਾ ਹੈ, ਫਿਰ ਉਹ ਉਸੇ ਬਾਰੇ ਹੀ ਸੋਚਣ ਲੱਗਦਾ ਹੈ।

ਅਸੀਂ ਕਹਿੰਦੇ ਹਾਂ ਕਿ ਬੰਦੇ ਅੰਦਰ ਕਿੰਨੇ ਹੀ ਬੰਦੇ ਹੁੰਦੇ ਹਨ, ਉਸ ਹਿਸਾਬ ਨਾਲ ਤਾਂ ਲੇਖਕ ਅੰਦਰ ਪੂਰੀ ਦੁਨੀਆ ਵਸਦੀ ਹੈ। ਉਹ ਇਕੋ ਹੀ ਵੇਲੇ ਕਈ ਕੁਝ ਹੁੰਦਾ ਹੈ, ਮਨੁੱਖ ਤੇ ਲੇਖਕ ਹੋਣ ਦੇ ਨਾਲ-ਨਾਲ ਉਹ ਕਿਸੇ ਦਾ ਦਰਦ ਸਮਝਣ ਵਾਲਾ, ਕਿਸੇ ਨਾਲ ਹੋਈ ਬੇਇਨਸਾਫ਼ੀ ਨਾਲ ਤੜਫਣ ਵਾਲਾ, ਕਿਸੇ ਦੀ ਅੱਧੀ ਖ਼ੁਸ਼ੀ ਨੂੰ ਵੀ ਦੂਣ ਸਵਾਇਆ ਕਰਨ ਵਾਲਾ, ਕਿਸੇ ਨੂੰ ਹੱਲਾਸ਼ੇਰੀ ਦੇਣ ਵਾਲਾ, ਕਿਸੇ ਨੂੰ ਅੱਗੇ ਜਾਣ ਦੀ ਸਲਾਹ ਦੇਣ ਵਾਲਾ। ਇਸ ਤਰ੍ਹਾਂ ਉਹ ਦੋਸਤ-ਮਿੱਤਰ , ਹਮਦਰਦ ਹੋਣ ਤੋਂ ਵੱਧ ਚਿੰਤਕ, ਮਾਰਗ-ਦ੍ਰਿਸ਼ਟਾ ਤੇ ਚਾਨਣ-ਮੁਨਾਰਾ ਵੀ ਹੁੰਦਾ ਹੈ। ਲੇਖਕ ਨੂੰ ਇਕ ਗੱਲ ਵੱਡਾ ਤੇ ਸਫਲ ਬਣਾਉਂਦੀ ਹੈ ਕਿ ਉਹ ਸਿਰਫ਼ ਘਟਨਾਵਾਂ ਦਾ ਵਰਣਨ ਨਾ ਕਰੇ, ਉਸ ਦੀ ਲੇਖਣੀ ਉਨ੍ਹਾਂ ਰਾਹੀਂ ਕਹਿਣਾ ਕੀ ਚਾਹੁੰਦੀ ਹੈ, ਉਹ ਵਾਪਰੀ ਘਟਨਾ ਨੂੰ ਵੀ ਕਿਸ ਦਿਸ਼ਾ ਵੱਲ ਲੈ ਜਾਂਦਾ ਹੈ, ਕਿੱਥੇ ਮੋੜ ਕੱਟਦਾ ਹੈ ਤੇ ਕਿੱਥੇ ਪਾਤਰ ਤੇ ਘਟਨਾ ਨੂੰ ਛੱਡ ਦੇਂਦਾ ਹੈ, ਇਹ ਸਭ ਉਸ ਦੀ ਕਲਾਤਮਕ ਲੇਖਣੀ ਉਤੇ ਨਿਰਭਰ ਕਰਦਾ ਹੈ।

ਸਾਡੀ ਅੱਜ ਦੀ ਦੁਨੀਆ ਵਿੱਚ ਮਾੜਾ ਵਰਤਾਰਾ ਵਧ ਗਿਆ ਹੈ, ਜੀਵਨ ਪਹਿਲੇ ਤੋਂ ਵੱਧ ਮੁਸ਼ਕਲ ਹੋ ਗਿਆ ਹੈ। ਅਜਿਹੇ ਸਮੇਂ ਵਿੱਚ ਮਨੁੱਖ ਤੇ ਸਮਾਜ ਇਕ-ਦੂਜੇ ਦੇ ਪੂਰਕ ਹੋਣ ਦੀ ਬਜਾਏ, ਇਕ-ਦੂਜੇ ਤੋਂ ਵਧੇਰੇ ਪਰ੍ਹੇ ਲੱਗਣ ਲੱਗ ਪਏ ਹਨ। ਕਈ ਵਾਰ ਤਾਂ ਇੰਜ ਵੀ ਲੱਗਦਾ ਹੈ ਕਿ ਬੰਦਾ ਆਪਣੇ ਹੰਕਾਰ ਵਿੱਚ ਸਮਾਜ ਤੇ ਵਿਵਸਥਾ ਕੀ ਕੁਦਰਤ ਤੇ ਸ੍ਰਿਸ਼ਟੀ ਨੂੰ ਬਰਬਾਦ ਕਰਨ 'ਤੇ ਤੁਲਿਆ ਹੋਇਆ ਪਿਆ ਹੈ, ਪਰ ਕਈ ਵਾਰ ਜ਼ਿਆਦਾਤਰ ਬੰਦਾ ਬਹੁਤ ਹੀ ਵਿਚਾਰਾ, ਬੇਵੱਸ ਤੇ ਮਜਬੂਰ ਦਿੱਸਦਾ ਹੈ। ਇਹ ਦੋਵੇਂ ਹੀ ਪੱਖ ਸਾਡੇ ਸਮੇਂ ਦੇ ਸੱਚ ਹਨ, ਲੇਖਕ ਇਨ੍ਹਾਂ ਦੋਵਾਂ ਹੀ ਪੱਖਾਂ ਵਿੱਚ ਸੰਤੁਲਨ ਬਣਾ ਕੇ ਚਲਦਾ ਹੈ।

ਸਮੇਂ, ਸਥਾਨ ਤੇ ਸਥਿਤੀ ਨੂੰ ਕਹਾਣੀ ਦੇ ਮੁੱਖ ਤੱਥ ਕਿਹਾ ਗਿਆ ਹੈ। ਲੇਖਕ ਲਈ ਇਨ੍ਹਾਂ ਦੇ ਤਾਣੇ-ਬਾਣੇ ਨਾਲ ਬੁਣੀ ਕਹਾਣੀ ਜਦੋਂ ਪਾਠਕਾਂ ਸਾਹਵੇਂ ਪੇਸ਼ ਹੁੰਦੀ ਹੈ ਤਾਂ ਉਸ ਨੂੰ ਪਤਾ ਨਹੀਂ ਹੁੰਦਾ ਕਿ ਪਾਠਕ-ਆਲੋਚਕ ਉਸ ਦੀ ਰਚੀ ਕਹਾਣੀ ਨੂੰ ਕਿਸ ਅੰਦਾਜ਼ ਨਾਲ ਦੇਖਣਗੇ, ਕਿਉਂਕਿ ਸਮੇਂ ਤੇ ਜੀਵਨ ਦੇ ਸੱਚ ਦੇ ਨਾਲ-ਨਾਲ ਉਹ ਲੇਖਕ ਦੀ ਉਸ ਸੱਚਾਈ ਦੀ ਵੀ ਪੇਸ਼ਕਾਰੀ ਹੁੰਦੀ ਹੈ, ਜਿਸ ਨਾਲ ਉਹ ਰਚਨਾ ਵਿੱਚ ਇਕਮਿਕ ਹੋਇਆ ਹੁੰਦਾ ਹੈ। ਲੇਖਕ ਰਚਨਾ ਵਿੱਚ ਸ਼ਾਮਲ ਹੋ ਕੇ ਵੀ ਰਚਨਾ ਤੋਂ ਬਾਹਰ ਹੁੰਦਾ ਹੈ, ਇਹੀ ਅਮੂਰਤਤਾ ਉਸ ਨੂੰ ਪੂਰਨ ਬਣਾਉਂਦੀ ਹੈ। ਹਰ ਚੀਜ਼ ਸਿੱਖਦੇ-ਸਿੱਖਦੇ ਆਉਂਦੀ ਹੈ, ਪਰ ਜਸਵਿੰਦਰ ਧਰਮਕੋਟ ਦੀਆਂ ਕਹਾਣੀਆਂ ਨੂੰ ਦੇਖ ਕੇ ਲੱਗਦਾ ਨਹੀਂ ਕਿ ਉਹ ਪਹਿਲੀ ਵਾਰ ਕਹਾਣੀ ਲਿਖਣ ਲੱਗਾ ਹੈ। ਲੇਖਕ ਨੂੰ ਲੈ ਕੇ ਉੱਪਰ ਜਿੰਨੀਆਂ ਵੀ ਗੱਲਾਂ ਕੀਤੀਆਂ ਗਈਆਂ ਹਨ, ਉਹ ਸਾਰੀਆਂ ਗੱਲਾਂ ਇਕ ਲੇਖਕ ਹੋਣ ਦੇ ਨਾਤੇ ਜਸਵਿੰਦਰ ਉਤੇ ਲਾਗੂ ਹੁੰਦੀਆਂ ਹਨ।

ਉਸ ਦੀਆਂ ਕਹਾਣੀਆਂ ਦੇ ਵਿਸ਼ੇ ਨਰੋਏ ਹਨ। ਉਹ ਸਹਿਜਤਾ ਨਾਲ ਕਹਾਣੀ ਰਚਦਾ ਹੈ ਤੇ ਹਰ ਮਾੜੇ ਵਿਚੋਂ ਕੁਝ ਚੰਗੇ ਦੀ ਪਛਾਣ ਕਰਦਾ ਹੈ। ਉਸ ਦੇ ਪਾਤਰ, ਪਿੰਡਾਂ ਤੇ ਸ਼ਹਿਰਾਂ ਵਿੱਚ ਵਸਦੇ ਮੱਧ ਵਰਗੀ ਹਨ, ਜਿਨ੍ਹਾਂ ਵਿੱਚ ਸਾਦਗੀ ਤੇ ਸਧਾਰਨਤਾ ਅਜੇ ਕਾਇਮ ਦਿੱਸਦੀ ਹੈ। 'ਸ਼ਾਲ' ਕਹਾਣੀ ਅਚਾਨਕ ਹੀ ਦੋ ਕਾਲਾਂ ਨੂੰ ਜੋੜ ਜਾਂਦੀ ਹੈ। ਇਕ ਕਾਲ ਵਕਤਾ ਦੇ ਬਚਪਨ ਦਾ ਹੈ ਤੇ ਦੂਜਾ ਉਸ ਦੀ ਧੀ ਸਿਮਰਤੀ ਦੇ ਅੱਲ੍ਹੜਪੁਣੇ ਦਾ। ਹਾਲਾਂਕਿ ਹੁਣ ਤੱਕ ਸਮੇਂ ਵਿੱਚ ਬਹੁਤ ਬਦਲਾਵ ਹੋ ਚੁੱਕਾ ਹੈ, ਧਰਮ ਦਾ ਵੱਖਰਾਪਨ ਪਹਿਲੇ ਵੀ ਸੀ, ਪਰ ਉਦੋਂ ਦਿਲਾਂ ਵਿੱਚ ਦੂਰੀ ਤੇ ਇਕ-ਦੂਜੇ ਪ੍ਰਤੀ ਨਫ਼ਰਤ ਦੇ ਭਾਵ ਨਹੀਂ ਸਨ। ਵੰਡ ਤੋਂ ਪਹਿਲਾ ਵਕਤਾ ਦੇ ਇਲਾਕੇ ਵਿੱਚ ਸ਼ਾਲਾਂ ਵੇਚਣ ਆਉਣ ਵਾਲਾ ਰਸ਼ੀਦ ਸਾਰੇ ਪਿੰਡ-ਕਸਬੇ ਦੇ ਬੱਚਿਆਂ ਲਈ ਰਸ਼ੀਦ ਮਾਮਾ ਸੀ। ਇਕ ਵਾਰ ਉਸ ਦੀ ਸ਼ਾਲ ਗਵਾਚ ਜਾਣ 'ਤੇ ਭਾਵੇਂ ਸਾਰੀਆਂ ਸੁਆਣੀਆਂ ਨੇ ਰਲ ਕੇ ਉਸ ਦੇ ਨੁਕਸਾਨ ਦੀ ਭਰਪਾਈ ਕੀਤੀ, ਪਰ ਜਾਂਦੇ ਹੋਏ ਉਹ ਸਾਰੇ ਪੈਸੇ ਵਕਤਾ ਨੂੰ ਇਹ ਕਹਿ ਕੇ ਦੇ ਗਿਆ ਕਿ 'ਇਹ ਇਕ ਮਾਮੇ ਵਲੋਂ ਭਾਣਜੇ ਨੂੰ ਦਿੱਤੇ ਗਏ ਹਨ।' ਮੁੜ ਉਹ ਸ਼ਾਲਾਂ ਲੈ ਕੇ ਕਦੇ ਉਨ੍ਹਾਂ ਦੇ ਪਿੰਡ ਨਹੀਂ ਆਇਆ। ਵੈਸੇ ਵੀ ਵੰਡ ਮਗਰੋਂ ਫਿਰ ਬਹੁਤ ਕੁਝ ਬਦਲ ਗਿਆ। ਹੁਣ ਜਦੋਂ ਉਸ ਦੀ ਆਪਣੀ ਬੇਟੀ ਨਾਲ ਪੜ੍ਹਦੀ ਮੁਸਲਮਾਨ ਕੁੜੀ ਇੰਸ਼ਾ ਉਨ੍ਹਾ ਦੇ ਘਰ ਦੋ ਦਿਨਾਂ ਲਈ ਆਈ ਤਾਂ ਵਕਤਾ ਨੂੰ ਆਪਣਾ ਬਚਪਨ ਯਾਦ ਆ ਗਿਆ। ਇੰਸ਼ਾ ਨੂੰ ਵਾਪਸੀ ਵੇਲੇ ਇਕ ਫੁਲਕਾਰੀ ਦੇਂਦੇ ਹੋਏ, ਉਸ ਅਸਲ ਵਿੱਚ ਰਸ਼ੀਦ ਤੇ ਉਸ ਦੀ ਗਵਾਚੀ ਸ਼ਾਲ ਨੂੰ ਯਾਦ ਕੀਤਾ, ਜਿਸ ਘਟਨਾ ਮਗਰੋਂ ਉਸ ਨੇ ਆਉਣਾ ਛੱਡ ਦਿੱਤਾ ਸੀ। ਉਸ ਦੇ ਮਨ ਉਤੇ ਹੁਣ ਤੱਕ ਪਏ ਬੋਝ ਨੂੰ ਉਸ ਨੇ ਦੂਰ ਕਰਨਾ ਚਾਹਿਆ। ਸਧਾਰਨ ਬੰਦੇ ਅੰਦਰ ਧਰਮਾਂ-ਜਾਤਾਂ ਦੀ ਵੰਡੀ ਅਜੇ ਵੀ ਕੋਈ ਭੇਦ ਨਹੀਂ ਪਾਉਂਦੀ, ਕਿਉਂਕਿ ਪਿਆਰ ਨੂੰ ਪਿਆਰ ਪਛਾਣਦਾ ਵੀ ਤੇ ਖਿੱਚਦਾ ਵੀ ਹੈ। ਵਕਤਾ ਵਲੋਂ ਇੰਸ਼ਾ ਨੂੰ ਫੁਲਕਾਰੀ ਦੇਂਦੇ ਹੋਏ ਇਹ ਸੋਚਣਾ, 'ਰਸ਼ੀਦ ਮਾਮਾ ਦਾ ਗੁਆਚਿਆ ਸ਼ਾਲ ਪੰਜਾਬ ਵਿੱਚ ਮਿਲ ਗਿਆ ਹੈ। ਹੁਣ ਤਾਂ ਕਦੇ ਪੰਜਾਬ ਵਿੱਚ ਗੇੜਾ ਮਾਰ ਜਾ।' ਇਕ ਸੰਦੇਸ਼, ਇਕ ਉਮੀਦ ਤੇ ਇਕ ਚਾਹਤ ਬਣਦਾ ਹੈ ਰੁੱਸਿਆਂ ਨੂੰ ਮਨਾਉਣ ਦਾ, ਦੂਰ ਗਿਆਂ ਨੂੰ ਕੋਲ ਬੁਲਾਉਣ ਦਾ।

ਸਾਡਾ ਸਮਾਜ ਕੁਝ ਗੱਲਾਂ ਵਿੱਚ ਬਹੁਤ ਅਨਿਆਈ ਤੇ ਬੇਰਹਿਮ ਹੈ। ਇੱਥੇ ਬੰਦੇ ਦੇ ਗੁਣਾਂ ਦੀ ਥਾਂ ਉਸ ਦੇ ਰੰਗ-ਰੂਪ ਤੇ ਕਿਸੇ ਕਾਣ ਨਾਲ ਜੋੜ ਕੇ ਪੁਕਾਰਿਆ ਜਾਂਦਾ ਹੈ, ਜਿਸ ਨੂੰ ਫਿਰ ਉਸ ਵਿਅਕਤੀ ਦੀ ਪਛਾਣ ਬਣਾ ਦਿੱਤਾ ਜਾਂਦਾ ਹੈ। ਕਾਣਾ, ਭੈਂਗਾ, ਲੰਙੜਾ, ਟੁੰਡਾ ਜਿਹੇ ਸ਼ਬਦਾਂ ਨੂੰ ਉਸ ਦੀਆਂ ਸਰੀਰਕ ਕਮੀਆਂ ਨਾਲ ਜੋੜ ਕੇ ਬੁਲਾਇਆ ਜਾਂਦਾ ਹੈ। ਕਾਲਾ, ਗੋਰਾ, ਭੈੜੀ ਬੂਥੀ, ਮਨਹੂਸ, ਮੋਟਾ, ਗਿੱਠਮੁੱਠੀਆ ਆਦਿ ਸ਼ਬਦ ਰੰਗ ਤੇ ਕਦ-ਕਾਠੀ ਨਾਲ ਜੋੜ ਦਿੱਤੇ ਜਾਂਦੇ ਹਨ। ਸਦੀਆਂ ਤੋਂ ਲੋਕਾਂ ਨੂੰ ਇਸ ਤਰ੍ਹਾਂ ਪੁਕਾਰੇ ਜਾਣਾ ਸਾਡੇ ਸਮਾਜ ਵਿੱਚ ਇਕ ਆਮ ਗੱਲ ਮੰਨੀ ਜਾਂਦੀ ਹੈ, ਪਰ ਕਦੇ ਇਹ ਨਹੀਂ ਸੋਚਿਆ ਗਿਆ ਕਿ ਇਨ੍ਹਾਂ ਸ਼ਬਦਾਂ ਨੂੰ ਕਿਸੇ ਦੀ ਪਛਾਣ ਬਣਾ ਦਿੱਤੇ ਜਾਣ ਉਤੇ ਉਸ ਦੇ ਦਿਲ ਉਤੇ ਉਸ ਦਾ ਕੀ ਅਸਰ ਪੈਂਦਾ ਹੈ। ਇਸ ਨਾਲ ਉਸ ਵਿਅਕਤੀ ਅੰਦਰ ਹੋਰ ਹੀਣ ਭਾਵਨਾ ਪੈਦਾ ਕੀਤੀ ਜਾਂਦੀ ਹੈ। ਸਮਾਜ ਵਿੱਚ ਧੀ ਹੋਣਾ ਚਿੰਤਾਵਾਂ ਦੀ ਪੰਡ ਤੇ ਉਸ ਦਾ ਰੰਗ 'ਕਾਲਾ' ਹੋਣਾ, ਕਰੇਲਾ ਨਿੰਮ ਚੜ੍ਹਿਆ ਵਰਗੀ ਹਾਲਤ ਹੁੰਦੀ ਹੈ। ਪੂਨਮ ਦੇ ਕਾਲੇ ਰੰਗ ਕਾਰਨ ਉਸ ਦਾ ਘਰ-ਬਾਹਰ ਸਾਰੇ ਪਾਸੇ ਮਜ਼ਾਕ ਬਣਾਇਆ ਜਾਂਦਾ, ਉਸ ਨੂੰ ਛੇੜਿਆ ਜਾਂਦਾ। ਸਰੀਰ ਅੰਦਰ ਮੈਲਾਨਿਨ ਜਿਹੇ ਤਰਲ ਪਦਾਰਥ ਦੇ ਵੱਧ ਹੋਣ ਕਾਰਨ ਚਮੜੀ ਦਾ ਰੰਗ ਕਾਲਾ ਹੁੰਦਾ ਹੈ। ਸਕੂਲ ਵਿੱਚ ਸਿਹਤ ਤੇ ਸਰੀਰਕ ਸਿੱਖਿਆ ਵਾਲੇ ਅਧਿਆਪਕ ਵੱਲੋਂ ਇਹ ਜਾਣਕਾਰੀ ਦੇਣ ਮਗਰੋਂ ਸਕੂਲ ਵਿੱਚ ਪੂਨਮ ਦਾ ਨਾਂਅ ਮੈਲਾਨਿਨ ਰੱਖ ਦਿੱਤਾ ਗਿਆ। ਅਜਿਹਾ ਬਹੁਤਾ ਛੋਟੀਆਂ ਥਾਵਾਂ ਉਤੇ ਹੁੰਦਾ ਹੈ। ਜਦੋਂ ਪੂਨਮ ਆਪਣੇ ਘਰ ਤੇ ਕਸਬੇ ਦੇ ਛੋਟੇ ਦਾਇਰੇ ਤੋਂ ਚੰਡੀਗੜ੍ਹ ਜਿਹੇ ਵੱਡੇ ਸ਼ਹਿਰ ਤੇ ਯੂਨੀਵਰਸਿਟੀ ਪਹੁੰਚ ਗਈ, ਫਿਰ ਉਸ ਦਾ ਰੰਗ ਕਿਤੇ ਪਿੱਛੇ ਰਹਿ ਗਿਆ ਤੇ ਉਸ ਦੀ ਕਲਾਤਮਿਕਤਾ ਉਭਰ ਕੇ ਸਭ ਦੇ ਸਾਹਮਣੇ ਆ ਗਈ। ਕਹਾਣੀ ਪੂਨਮ ਜਿਹੇ ਜਵਾਨ ਕੁੜੀ ਦੀ ਸੋਚ ਦੁਆਲੇ ਘੁੰਮਦੀ ਹੈ, ਜਿਸ ਨੇ ਆਪਣੀ ਸਕੈੱਚ ਕਲਾ ਕਾਰਨ ਹੀਣ ਭਾਵਨਾ ਨੂੰ ਆਪਣੇ ਉਤੇ ਹਾਵੀ ਨਹੀਂ ਹੋਣ ਦਿੱਤਾ ਤੇ ਉਸੇ ਸਹਾਰੇ ਜੀਵਨ ਵਿੱਚ ਅੱਗੇ ਵਧਣ ਦਾ ਰਾਹ ਅਪਣਾਇਆ। ਜਵਾਨੀ ਦੀਆਂ ਆਪਣੀਆਂ ਚਾਹਤਾਂ ਹੁੰਦੀਆਂ ਹਨ, ਉਸ ਦੀ ਇਹ ਚਾਹਤ ਨਜ਼ੀਰ ਨੇ ਪੂਰੀ ਕਰ ਦਿੱਤੀ, ਜਦੋਂ ਉਸ ਨੇ ਉਸ ਦੀ ਬਾਂਹ ਉਤੇ ਆਪਣੇ ਨਾਂਅ ਦਾ ਟੈਟੂ ਖੁਣਿਆ ਦੇਖਿਆ। ਜਾਤਾਂ-ਧਰਮ ਪਿਆਰ ਵਿੱਚ ਬਹੁਤ ਪਿੱਛੇ ਰਹਿ ਜਾਂਦੇ ਹਨ।

ਸਾਡੇ ਜੀਵਨ ਉਤੇ ਹੁਣ ਸਾਡਾ ਕੋਈ ਅਧਿਕਾਰ ਨਹੀਂ ਰਿਹਾ, ਇਹ ਸੋਸ਼ਲ ਮੀਡੀਆ ਰਾਹੀਂ ਸੋਚਦਾ-ਵਿਚਾਰਦਾ ਤੇ ਉਸੇ ਦੇ ਕਹੇ ਅਨੁਸਾਰ ਹੀ ਚਲਦਾ ਹੈ। ਹਰ ਵੇਲੇ ਮੋਬਾਇਲ ਤੇ ਸੋਸ਼ਲ ਮੀਡੀਆ ਦੇ ਪ੍ਰਭਾਵ ਥੱਲੇ ਬੰਦਾ ਆਪਣੀ ਮੌਲਿਕ ਸੋਚਣ ਦੀ ਸ਼ਕਤੀ ਹੀ ਗਵਾਉਂਦਾ ਜਾ ਰਿਹਾ ਹੈ। 'ਪਲੇਟੀ' ਇਸੇ ਤਰ੍ਹਾਂ ਦੀ ਇਕ ਕਹਾਣੀ ਹੈ, ਜਿਸ ਵਿੱਚ ਇਕ ਪਿਤਾ ਮੋਬਾਇਲ ਅਤੇ ਮੀਡੀਆ ਪਲੇਟਫਾਰਮਾਂ ਉਤੇ ਨਿੱਤ-ਨਵੀਂਆਂ ਪਰੋਸੀਆਂ ਜਾਂਦੀਆਂ ਖ਼ਬਰਾਂ ਤੇ ਘਟਨਾਵਾਂ ਨੂੰ ਦੇਖਣ-ਸੁਣਨ ਕਾਰਨ ਆਪਣੇ ਛੋਟੇ ਪੁੱਤਰ ਇਸ਼ਾਨ ਪ੍ਰਤੀ ਐਨਾ ਚਿੰਤਿਤ ਹੋਣ ਲੱਗ ਪਿਆ ਕਿ ਉਹ ਚਿੰਤਾ ਉਸ ਦੀ ਸਿਹਤ ਉਤੇ ਹੀ ਭਾਰੀ ਪੈਣ ਲੱਗ ਪਈ। ਮਾਪਿਆਂ ਦਾ ਆਪਣੀ ਔਲਾਦ ਲਈ ਫ਼ਿਕਰਮੰਦ ਹੋਣਾ ਸੁਭਾਵਿਕ ਹੈ, ਪਰ ਜਦੋਂ ਇਹ ਚਿੰਤਾ ਆਪ ਹੀ ਇਕ ਬਿਮਾਰੀ ਬਣ ਜਾਏ? ਅਸਲ ਵਿੱਚ ਹੁਣ ਸਾਡੇ ਕੋਲ ਚੋਣ ਕਰਨ ਦੀ, ਵਿਕਲਪਾਂ ਦੀ ਭਰਮਾਰ ਹੈ, ਚੈਨਲਾਂ ਦੀ ਭੀੜ, ਮੀਡੀਆ ਪਲੇਟਫਾਰਮਾਂ ਦੀ ਭੀੜ, ਸਮਾਨਾਂ ਦੀ ਭੀੜ, ਪਰ ਨਾਲ ਹੀ ਹਰ ਪਾਸੇ ਮਾਰੂ ਮਾਹੌਲ, ਨਕਾਰਾਤਮਿਕਤਾ ਦੀ ਭਰਮਾਰ, ਜਿਸ ਵਿੱਚ ਚੰਗਾ-ਭਲਾ ਬੰਦਾ ਬੀਮਾਰ ਹੋ ਜਾਏ, ਡਿਪਰੈਸ਼ਨ ਦਾ ਸ਼ਿਕਾਰ। ਕਿਸੇ ਅਣਜਾਣੇ ਭੈਅ ਹੇਠ ਉਹ ਜ਼ਿੰਦਗੀ ਤੋਂ ਨਿਰਾਸ਼ ਹੁੰਦਾ ਜਾਂਦਾ ਹੈ। ਇਸ ਲਈ ਲੇਖਕ ਨੇ ਇਸ ਸਾਰੇ ਵਰਤਾਰੇ ਨੂੰ ਮੱਛੀਆਂ ਦੇ ਇਕਵੇਰੀਅਮ ਦੇ ਬਿੰਬ ਰਾਹੀਂ ਦੱਸਣ ਦਾ ਜਤਨ ਕੀਤਾ, ਕਿਉਂਕਿ ਬਾਹਰੀ ਚਮਕ-ਦਮਕ ਹੀ ਸਾਰਿਆਂ ਨੂੰ ਭਰਮਾ ਰਹੀ ਹੈ, ਜਦਕਿ ਅਸਲੀਅਤ ਇਹ ਹੈ ਕਿ ਇਹੀ ਸਾਨੂੰ ਖਤਮ ਵੀ ਕਰ ਰਹੀ ਹੈ। 'ਪਲੇਟੀ' ਨਾਮਕ ਸੰਤਰੀ ਮੱਛੀ ਵਕਤ ਪੈਣ ਤੇ ਆਪਣੇ ਹੀ ਬੱਚਿਆਂ ਨੂੰ ਨਿਗਲ ਜਾਂਦੀ ਹੈ। ਇਹ ਮਾਨਸਕ ਤੌਰ 'ਤੇ ਘਰ ਅੰਦਰ ਬਿਮਾਰੀ ਨਾਲ ਨਾਤਾ ਜੋੜ ਦੇਂਦੀ ਹੈ। ਰਵੀਸ਼ ਨੇ ਡਾਕਟਰ ਦੀ ਸਲਾਹ ਨਾਲ ਘੁੰਮਣਾ-ਫਿਰਨਾ ਸ਼ੁਰੂ ਕੀਤਾ ਤੇ ਆਪਣੇ ਇਕ ਦੋਸਤ ਨਿੱਤਿਆ ਨਾਲ ਸਮਾਂ ਬਿਤਾਉਣ ਕਾਰਨ ਠੀਕ ਹੋਣ ਲੱਗਾ, ਪਰ ਇਹ ਕੀ ਰਵੀਸ਼ ਨੂੰ ਠੀਕ ਕਰਦੇ-ਕਰਦੇ ਉਸ ਦੀ ਪਤਨੀ ਇਪਸਾ ਨਿੱਤਿਆ ਦੇ ਐਨੇ ਨੇੜੇ ਕਿਵੇਂ ਚਲੀ ਗਈ? ਲੇਖਕ ਦੀ ਹਰ ਕਹਾਣੀ ਵਿੱਚ ਕਈ-ਕਈ ਪਰਤਾਂ ਹਨ।

ਅਜੋਕੇ ਸਮੇਂ ਵਿੱਚ ਸਭ ਤੋਂ ਵੱਧ ਪ੍ਰਭਾਵਤ ਯੁਵਾ ਪੀੜ੍ਹੀ ਹੋ ਰਹੀ ਹੈ, ਜੋ ਗਲੈਮਰ ਤੇ ਚਕਾਚੌਂਧ ਨੂੰ ਹੀ ਜੀਵਨ ਸਮਝੀ ਬੈਠੀ ਹੈ। ਨਸ਼ਿਆਂ ਨੇ ਨੌਜਵਾਨ ਪੀੜ੍ਹੀ ਨੂੰ ਭਰਮਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੂੰ ਆਪਣੇ ਸਿਵਾ ਹੋਰ ਕੋਈ ਨਜ਼ਰ ਨਹੀਂ ਆਉਂਦਾ। ਬਸ, ਕਥਿਤ ਤੌਰ 'ਤੇ ਦੋਸਤ-ਮਿੱਤਰ ਉਨ੍ਹਾਂ ਦੀ ਸੋਚ ਉਤੇ ਹਾਵੀ ਹੋ ਜਾਂਦੇ ਹਨ। ਮਹਿਕ ਨੂੰ ਉਸ ਦੀ ਚੰਗੀ ਬਣੀ ਸਹੇਲੀ ਤਮੰਨਾ ਨੇ ਨਸ਼ੇ ਦੀ ਚਾਟ ਲੁਵਾ ਨਸ਼ੇ ਦਾ ਆਦੀ ਬਣਾ ਦਿੱਤ

26-Nov-Sunday.qxd 11/25/2023 10:41 PM Page 6





ਕਹਾਣੀਕਾਰ ਵਿਪਨ ਆਪਣਾ ਕਹਾਣੀ ਸੰਗ੍ਰਹਿ 'ਟੋਆ' ਭੇਟ ਕਰਦੇ ਹੋਏ।



ਸ਼ਾਇਰ ਨਵਤੇਜ ਗੜ੍ਹਦੀਵਾਲਾ ਆਪਣਾ ਸੱਜਰਾ ਕਾਵਿ ਸੰਗ੍ਰਹਿ 'ਅੰਮ੍ਰਿਤਕਾਲ ਤੱਕ' ਭੇਟ ਕਰਦੇ ਹੋਏ।



ਅਮਰੀਕ ਡੋਗਰਾ 'ਮੇਰੀਆਂ ਧੁੱਪਾਂ ਮੇਰੀਆਂ ਛਾਵਾਂ' ਸੰਗ੍ਰਹਿ ਭੇਟ ਕਰਦੇ ਹੋਏ।

# ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ ਸਮਾਰੋਹ

**ਗੁਰਦਾਸਪੁਰ**-ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਸਹਿਯੋਗ ਨਾਲ ਹਰ ਵਰ੍ਹੇ ਕਰਵਾਏ ਜਾਂਦੇ ਪ੍ਰਿੰਸੀਪਲ ਸੁਜਾਨ ਸਿੰਘ 'ਤੇ ਡਾ. ਨਿਰਮਲ ਸਿੰਘ ਆਜ਼ਾਦ ਯਾਦਗਾਰੀ ਸਨਮਾਨ ਸਮਾਰੋਹ ਯਾਦਗਾਰੀ ਹੋ ਨਿੱਬੜਿਆ। ਸਥਾਨਕ ਰਾਮ ਸਿੰਘ ਦੱਤ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਹੋਏ ਇਸ ਅਦਬੀ ਸਮਾਗਮ ਦੀ ਪ੍ਰਧਾਨਗੀ ਸ੍ਰੀ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਡਾ. ਲਖਵਿੰਦਰ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਡਾ. ਹਰਜਿੰਦਰ ਅਟਵਾਲ ਸੀਨੀਅਰ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) , ਡਾ. ਕੁਲਦੀਪ ਪੁਰੀ, ਸੁਰਿੰਦਰ ਸਿੰਘ ਸੁੰਨੜ, ਦੀਪ ਦੇਵਿੰਦਰ ਸਿੰਘ, ਸੁਲੱਖਣ ਸਰਹੱਦੀ, ਸੈਲਿੰਦਰਜੀਤ ਸਿੰਘ ਰਾਜਨ, ਡਾ. ਲੇਖ ਰਾਜ ਅਤੇ ਮੱਖਣ ਕੁਹਾੜ ਨੇ ਸਾਂਝੇ ਤੌਰ 'ਤੇ ਕੀਤੀ। ਪਿਛਲੇ ਸਮੇਂ ਵਿੱਛੜ ਗਏ ਲੇਖਕਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਨ 'ਤੇ ਸ਼ੁਰੂ ਹੋਏ ਇਸ ਸਮਾਗਮ ਵਿਚ ਸੁਲੱਖਣ ਸਰਹੱਦੀ ਨੇ ਆਏ ਵਿਦਵਾਨਾਂ ਅਤੇ ਮਹਿਮਾਨਾਂ ਨੂੰ ਸਵਾਗਤੀ ਸ਼ਬਦ ਕਹੇ।

ਸਾਹਿਤ ਕੇਂਦਰ ਦੇ ਸੀਨੀਅਰ ਮੀਤ ਪ੍ਰਧਾਨ ਡਾ. ਲੇਖ ਰਾਜ ਵੱਲੋਂ ਪ੍ਰਿੰਸੀਪਲ ਸੁਜਾਨ ਸਿੰਘ ਅਤੇ ਡਾ. ਨਿਰਮਲ ਸਿੰਘ ਆਜ਼ਾਦ ਦੀ ਸਾਹਿਤ ਅਤੇ ਸਮਾਜ ਨੂੰ ਦੇਣ ਬਾਰੇ ਕੁੰਜੀਵਤ ਸ਼ਬਦਾਂ ਵਿੱਚ ਸਾਂਝ ਪਵਾਈ ਗਈ। ਪ੍ਰੋਗਰਾਮ ਦੇ ਮੁੱਖ ਬੁਲਾਰੇ, ਚਿੰਤਕ ਤੇ ਪੱਤਰਕਾਰ ਸ੍ਰੀ ਹਮੀਰ ਸਿੰਘ ਨੇ "ਅਜੋਕੇ ਦੌਰ ਵਿੱਚ ਲੇਖਕਾਂ, ਬੁੱਧੀਜੀਵੀਆਂ ਅਤੇ ਪੱਤਰਕਾਰਾਂ ਦੀ ਭੂਮਿਕਾ" ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਤਕਨੀਕ 'ਤੇ ਅਧਾਰਤ ਅਤੇ ਕਾਰਪੋਰੇਟ ਪੱਖੀ ਵਿਕਾਸ ਮਾਡਲ ਰੁਜ਼ਗਾਰ ਘਟਾਉਣ ਵਾਲਾ ਅਤੇ ਗਰੀਬੀ ਵਿੱਚ ਵਾਧਾ ਕਰਨ ਵਾਲਾ ਹੋਣ ਕਰਕੇ ਗਰੀਬੀ ਅਤੇ ਅਮੀਰੀ ਦਾ ਪਾੜਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ, ਜਿਸ ਵਿੱਚੋਂ ਨਰੋਏ ਸਮਾਜ ਦੀ ਸਿਰਜਣਾ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹਨਾਂ ਕਿਹਾ ਕਿ ਕਾਰਪੋਰੇਟਰਾਂ ਦੀ ਛਤਰ-ਛਾਇਆ ਹੇਠ ਦਬਾਅ ਦੀ ਸਿਆਸਤ ਉਪਜਦੀ ਹੈ, ਜਿਹੜੀ ਕਿ ਲੋਕਤੰਤਰ ਦੇ ਸਿਧਾਂਤਾਂ ਨਾਲ ਬਿਲਕੁਲ ਮੇਲ ਨਹੀਂ ਖਾਂਦੀ। ਇਸੇ ਕਰਕੇ ਵੱਡੀ ਗਿਣਤੀ ਲੋਕ ਅਸਥਿਰਤਾ ਅਤੇ ਅਸੁਰੱਖਿਆ ਦੇ ਪਰਛਾਵੇਂ ਹੇਠ ਜੀਣ ਲਈ ਮਜਬੂਰ ਹਨ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸਾਹਿਤਕਾਰਾਂ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਪੰਜਾਬੀ ਸਾਹਿਤ ਵਿੱਚ ਕੋਈ ਵੱਡੀ ਵੰਨਗੀ ਦੇਣ, ਜਿਹੜੀ ਲੋਕਾਂ ਦੀ ਬਾਂਹ ਫੜਨ ਦੇ ਸਮਰੱਥ ਹੋਵੇ। ਉਨ੍ਹਾ ਪੁੱਛੇ ਗਏ ਸਵਾਲਾਂ ਦੇ ਉੱਤਰ ਵੀ ਦਿੱਤੇ।

ਹਮੀਰ ਸਿੰਘ ਨੂੰ ਇਸ ਵਰ੍ਹੇ ਦਿੱਤੇ ਜਾਣ ਵਾਲੇ ਡਾ. ਨਿਰਮਲ ਸਿੰਘ ਆਜ਼ਾਦ ਯਾਦਗਾਰੀ ਪੁਰਸਕਾਰ ਨਾਲ ਨਿਵਾਜਿਆ ਗਿਆ । "ਪ੍ਰਿੰਸੀਪਲ ਸੁਜਾਨ ਸਿੰਘ ਯਾਦਗਾਰੀ ਸਨਮਾਨ" ਕ੍ਰਮਵਾਰ ਪ੍ਰਸਿੱਧ ਕਹਾਣੀਕਾਰ ਸ੍ਰੀ ਕੇ ਐੱਲ ਗਰਗ ਅਤੇ ਗਲਪਕਾਰਾ ਦਵਿੰਦਰ ਕੌਰ ਗੁਰਾਇਆ ਨੂੰ ਭੇਟ ਕੀਤਾ ਗਿਆ। ਸਨਮਾਨ ਪੱਤਰ ਸੀਤਲ ਸਿੰਘ ਗੁੰਨੋਪੁਰੀ, ਡਾ. ਰਜਵਿੰਦਰ ਕੌਰ ਅਤੇ ਗੁਰਮੀਤ ਬਾਜਵਾ ਵੱਲੋਂ ਪੜ੍ਹੇ ਗਏ। ਸ੍ਰੀ ਦਰਸ਼ਨ ਬੁੱਟਰ ਅਤੇ ਡਾ. ਲਖਵਿੰਦਰ ਜੌਹਲ ਨੇ ਆਪਣਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕਾਡਮੀ ਦੀ ਆਪਣੀ-ਆਪਣੀ ਬਣਦੀ ਜ਼ਿੰਮੇਵਾਰੀ 'ਤੇ ਪਹਿਰਾ ਦੇਣ ਦੀ ਗੱਲ ਕੀਤੀ। ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਅਜੋਕੀ ਕਹਾਣੀ ਵਿੱਚੋਂ ਸੁਜਾਨ ਸਿੰਘ ਹੁਰਾਂ ਦੇ ਬਾਰੂ ਵਰਗੇ ਪਾਤਰ ਹਾਸ਼ੀਏ 'ਤੇ ਜਾ ਰਹੇ ਹਨ ਅਤੇ 'ਰਾਸ ਲੀਲ੍ਹਾ' ਵਿੱਚ ਔਰਤ ਦੀ ਜੋ ਮਨੋਦਸ਼ਾ ਉਹ ਪੇਸ਼ ਕਰ ਗਏ, ਉਹ ਵੀ ਅੱਜ ਗੁਆਚਦੀ ਜਾ ਰਹੀ ਪ੍ਰਤੀਤ ਹੁੰਦੀ ਹੈ।

ਡਾ. ਕੁਲਦੀਪ ਪੁਰੀ, ਦੀਪ ਦੇਵਿੰਦਰ ਸਿੰਘ, ਮੱਖਣ ਕੁਹਾੜ, ਸੈਲਿੰਦਰਜੀਤ ਰਾਜਨ ਅਤੇ ਸੁਰਿੰਦਰ ਸੁੰਨੜ ਆਦਿ ਵਿਦਵਾਨਾਂ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸਮਾਗਮ ਦੀ ਸ਼ਲਾਘਾ ਕੀਤੀ। ਮੰਗਤ ਚੰਚਲ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ ਗਈ।

ਇਸ ਮੌਕੇ ਮਨਮੋਹਨ ਸਿੰਘ ਢਿੱਲੋਂ, ਡਾ. ਮੋਹਨ ਬੇਗੋਵਾਲ, ਹਰਜੀਤ ਸੰਧੂ, ਨਾਵਲਕਾਰ ਵਜੀਰ ਸਿੰਘ ਰੰਧਾਵਾ, ਹਰਮੀਤ ਆਰਟਿਸਟ, ਡਾ. ਕਸ਼ਮੀਰ ਸਿੰਘ, ਪ੍ਰਿਤਪਾਲ ਸਿੰਘ, ਸੰਤੋਖ ਸਿੰਘ ਗੋਰਾਇਆ, ਮੱਖਣ ਭੈਣੀਵਾਲ, ਮਨਜੀਤ ਸਿੰਘ ਵਸੀ, ਸਤਰਾਜ ਜਲਾਲਾਬਾਦੀ, ਡਾ. ਪਰਮਜੀਤ ਸਿੰਘ ਬਾਠ, ਹਰਜੀਤ ਸਿੰਘ ਹੁੰਦਲ, ਗੁਰਪ੍ਰੀਤ ਰੰਗੀਲਪੁਰ, ਸੋਹਣ ਸਿੰਘ, ਬੂਟਾ ਰਾਮ ਆਜ਼ਾਦ, ਨਿਸ਼ਾਨ ਸਿੰਘ, ਸੁੱਚਾ ਸਿੰਘ ਪਸਨਾਵਾਲਾ, ਸੀਸਮ ਸੰਧੂ, ਸੁਖਵਿੰਦਰ ਰੰਧਾਵਾ, ਐੱਸ ਪੀ ਸਿੰਘ, ਤਰਸੇਮ ਸਿੰਘ ਭੰਗੂ, ਸੁਭਾਸ਼ ਦੀਵਾਨਾ, ਸੁਨੀਲ ਦੱਤ, ਵਿਜੇ ਅਗਨੀਹੋਤਰੀ, ਜਸਵਿੰਦਰ ਸਿੰਘ ਅਨਮੋਲ, ਗੋਪਾਲ ਸ਼ਰਮਾ, ਜਸਵੰਤ ਹਾਂਸ, ਦਵਿੰਦਰ ਦੀਦਾਰ, ਪ੍ਰਸ਼ੋਤਮ ਸਿੰਘ ਲਲੀ, ਲੱਖਣ ਮੇਘੀਆਂ, ਸੁਨੀਲ ਦੱਤ, ਰਜਵੰਤ ਕੌਰ, ਪ੍ਰੇਮ ਨਾਥ, ਪ੍ਰੋ. ਪਰਮਜੀਤ ਸਿੰਘ, ਸ਼ਿਵ ਕੁਮਾਰ, ਸੁਭਾਸ਼ ਸ਼ਰਮਾ, ਰਜਿੰਦਰ ਸਿੰਘ, ਸੁਖਦੇਵ ਸਿੰਘ ਭਾਗੋਕਾਵਾਂ, ਦਵਿੰਦਰ ਦਾਸ, ਸੁਰਿੰਦਰ ਕੌਰ, ਅਮਰੀਕ ਕੌਰ, ਸੁਖਵਿੰਦਰ ਕੌਰ, ਬਲਦੇਵ ਸਿੰਘ, ਜਸਵੰਤ ਸਿੰਘ ਪਾਹੜਾ, ਕੁਲਦੀਪ ਸਿੰਘ, ਅਮਨਪ੍ਰੀਤ ਸਿੰਘ, ਕੰਵਲਦੀਪ ਕੌਰ, ਅਮਰਜੀਤ ਸਿੰਘ, ਜਸਬੀਰ ਕੌਰ, ਸਰਨ ਕੌਰ, ਕੇਵਲ ਪਟਵਾਰੀ, ਜਸਬੀਰ ਕੌਰ ਚਾਹਲ, ਜਗਜੀਵਨ ਲਾਲ, ਅਸ਼ਵਨੀ ਕੁਮਾਰ, ਕੇ ਪੀ ਸਿੰਘ, ਰਣਵੀਰ ਅਕਾਸ਼, ਪਿਆਰਾ ਸਿੰਘ ਟਾਂਡਾ, ਐੱਸ ਪੀ ਸਿੰਘ ਗੋਸਲ, ਡਾ. ਕਸ਼ਮੀਰ ਸਿੰਘ, ਅਜੀਤ ਕਮਲ, ਰੂਪ ਸਿੰਘ ਪੱਡਾ, ਧਿਆਨ ਸਿੰਘ ਠਾਕੁਰ, ਬੋਧ ਸਿੰਘ ਘੁੰਮਣ, ਰਘਬੀਰ ਸਿੰਘ, ਅਵਤਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਬੁੱਧੀਜੀਵੀ ਅਤੇ ਸਮਾਜ ਸੇਵੀ ਹਾਜ਼ਰ ਸਨ।

**— ਦੀਪ ਦੇਵਿੰਦਰ ਸਿੰਘ**

*ਭਾਰਤ ਵਿੱਚ ਅੱਜ ਤੋਂ ਤਿੰਨ ਸਾਲ ਪਹਿਲਾਂ ਨਵੀਂ ਸਿੱਖਿਆ ਨੀਤੀ ਦੇ ਨਾਂਅ ਹੇਠ ਜਿਹੜਾ ਖਰੜਾ ਪੇਸ਼ ਹੋਇਆ ਸੀ, ਉਸ ਬਾਰੇ ਵਿੱਦਿਅਕ ਮਾਹਰਾਂ ਦੀ ਆਮ ਰਾਏ ਇਹ ਬਣਦੀ ਸੀ ਕਿ ਇਸ ਨਵੀਂ ਸਿੱਖਿਆ ਨੀਤੀ ਦੇ ਲਾਗੂ ਹੋਣ ਨਾਲ ਭਾਰਤ ਦੇ ਲੋਕ ਰਾਜੀ ਢਾਂਚੇ ਦੇ ਵਜੂਦ ਨੂੰ ਕਾਇਮ ਰੱਖਣ ਦਾ ਜੋ ਵਾਅਦਾ ਭਾਰਤੀ ਸੰਵਿਧਾਨ ਵਿੱਚ ਦਰਜ ਹੈ, ਨੂੰ ਅਣਗੌਲਿਆ ਕੀਤਾ ਗਿਆ ਹੈ। ਇੱਕ ਦੇਸ਼ ਇੱਕ ਪਾਠਕ੍ਰਮ ਇੱਕ ਭਾਸ਼ਾ ਆਦਿ ਦੀਆਂ ਮੱਦਾਂ ਭਾਰਤ ਵਰਗੇ ਬਹੁਭਾਸ਼ੀ, ਬਹੁ ਕੌਮੀਅਤਾਂ ਵਾਲੇ ਮੁਲਕ ਵਿੱਚ ਸੰਭਵ ਨਹੀਂ। ਹੁਣ ਤੱਕ ਪੰਜ ਤੋਂ ਵੱਧ ਸੂਬੇ ਇਸ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਚੁੱਕੇ ਹਨ। ਪੰਜਾਬ ਵਿੱਚ ਇਸ ਦੇ ਚੁੱਪ-ਚੁਪੀਤੇ ਲਾਗੂ ਕਰਨ ਦੀਆਂ ਕਨਸੋਆਂ ਆ ਰਹੀਆਂ ਹਨ। ਇਸ ਸੰਬੰਧੀ ਲੋਕਾਂ ਦੇ ਖ਼ਦਸ਼ੇ ਦੂਰ ਕਰਨ ਲਈ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਇੱਕ ਖ਼ਤ ਲਿਖ ਕੇ ਇਸ ਭੰਬਲਭੂਸੇ ਵਾਲੀ ਸਥਿਤੀ ਨੂੰ ਖ਼ਤਮ ਕਰਨ ਦੀ ਅਪੀਲ ਕੀਤੀ ਹੈ ਤਾਂ ਕਿ ਇਸ ਪ੍ਰਤੀ ਲੋਕਾਂ ਵਿੱਚ ਕਿਸੇ ਵੀ ਕਿਸਮ ਦੇ ਭਰਮ-ਭੁਲੇਖਿਆਂ ਨੂੰ ਤੁਰੰਤ ਰੋਕਿਆ ਜਾ ਸਕੇ। ਅਸੀਂ ਨਵਾਂ ਜ਼ਮਾਨਾ (ਐਤਵਾਰ) ਦੇ ਪਾਠਕਾਂ ਲਈ ਉਸ ਖ਼ਤ ਨੂੰ ਪ੍ਰਕਾਸ਼ਤ ਕਰ ਰਹੇ ਹਾਂ।*

*-ਸੰਪਾਦਕ*

ਸੇਵਾ ਵਿੱਚ,
ਸ੍ਰ. ਭਗਵੰਤ ਸਿੰਘ ਮਾਨ
ਮਾਣਯੋਗ ਮੁੱਖ ਮੰਤਰੀ
ਪੰਜਾਬ।
ਵਿਸ਼ਾ : ਪੰਜਾਬ ਵਿੱਚ ਕੌਮੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਸੰਬੰਧੀ।

ਸ੍ਰੀ ਮਾਨ ਜੀ,

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਵਜੋਂ ਮੈਂ ਆਪ ਜੀ ਦਾ ਧਿਆਨ ਭਾਰਤ ਸਰਕਾਰ ਦੀ ਕੌਮੀ ਸਿੱਖਿਆ ਨੀਤੀ ਨੂੰ ਪੰਜਾਬ ਵਿੱਚ ਲਾਗੂ ਕੀਤੇ ਜਾਣ ਦੇ ਯਤਨਾਂ ਵੱਲ ਦੁਆਉਣਾ ਚਾਹੁੰਦਾ ਹਾਂ।

ਧਿਆਨ ਵਿੱਚ ਆਇਆ ਹੈ ਕਿ ਪੰਜਾਬ ਸਰਕਾਰ ਦੇ ਉੱਚ ਸਿੱਖਿਆ ਅਧਿਕਾਰੀਆਂ ਵੱਲੋਂ ਪਾਠਕ੍ਰਮਾਂ ਅਤੇ ਕਰੈਡਿਟ ਸਿਸਟਮ ਵਿੱਚ ਸੁਧਾਈ ਲਈ ਤਿੰਨਾਂ ਹੀ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਨਾਲ ਸਿੱਧੀਆਂ ਮੀਟਿਗਾਂ ਕੀਤੀਆਂ ਜਾ ਰਹੀਆਂ ਹਨ। ਮੁੱਖ ਏਜੰਡਾ ਸਾਰੀਆਂ ਯੂਨੀਵਰਸਿਟੀਆਂ ਵਿੱਚ ਇਕੋ ਸਿਲੇਬਸ ਲਾਗੂ ਕਰਨਾ ਅਤੇ ਪੰਜਾਬੀ ਭਾਸ਼ਾ ਦੇ ਪੀਰੀਅਡ ਅਤੇ ਕਰੈਡਿਟ ਘਟਾ ਕੇ ਹੋਰ ਵਿਸ਼ਿਆਂ ਨੂੰ ਲਾਗੂ ਕਰਨਾ ਹੈ। ਇਹ ਵੀ ਪਤਾ ਲੱਗਾ ਹੈ ਕਿ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਬੋਰਡ ਆਫ਼ ਸਟੱਡੀਜ਼ ਨੂੰ ਬਾਈਪਾਸ ਕਰਕੇ ਆਪਣੇ ਵੱਲੋਂ ਹੀ ਮਾਹਿਰਾਂ ਦੀ ਕਮੇਟੀ ਬਣਾ ਕੇ ਮਾਡਲ ਸਿਲੇਬਸ ਦੇ ਨਾਂਅ ਉੱਤੇ ਮਨਮਰਜ਼ੀ ਦਾ ਪਾਠਕ੍ਰਮ ਥੋਪਿਆ ਜਾ ਰਿਹਾ ਹੈ, ਜਿਸ ਦਾ ਮੰਤਵ 'ਇੱਕ ਦੇਸ਼, ਇੱਕ ਭਾਸ਼ਾ, ਇੱਕ ਪਾਠਕ੍ਰਮ' ਨੂੰ ਲਾਗੂ ਕਰਨ ਦੀ ਦਿਸ਼ਾ ਵਾਲਾ ਹੈ। ਇਸ ਚੁਆਇਸ ਬੇਸਡ ਕਰੈਡਿਟ ਸਿਸਟਮ ਦੇ ਨਾਂਅ ਹੇਠ ਖੇਤਰੀ ਭਾਸ਼ਾਵਾਂ, ਸਥਾਨਕ ਸਮਾਜ ਵਿਗਿਆਨ ਅਤੇ ਹੋਰ ਸਥਾਨਕ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਵਿਲੱਖਣਤਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

ਇਸ ਵੇਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਲਾਜ਼ਮੀ ਵਿਸ਼ੇ ਦੇ 24 ਕਰੈਡਿਟ, ਐੱਮ ਏ ਦੇ 100 ਕਰੈਡਿਟ, ਕੁਝ ਅੰਡਰ ਗ੍ਰੈਜੂਏਟ ਕੋਰਸਾਂ (ਕੇਂਦਰੀ ਏਜੰਸੀਆਂ ਤੋਂ ਮਾਨਤਾ ਪ੍ਰਾਪਤ) ਵਿੱਚ 12 ਕਰੈਡਿਟ ਪੰਜਾਬੀ ਦੀ ਪੜ੍ਹਾਈ ਕਰਾਈ ਜਾਂਦੀ ਹੈ। ਦੂਸਰੀਆਂ ਦੋਵੇਂ ਯੂਨੀਵਰਸਿਟੀਆਂ ਵੀ ਲੱਗਭੱਗ ਏਨੀ ਹੀ ਪੰਜਾਬੀ ਦੀ ਪੜ੍ਹਾਈ ਕਰਵਾ ਰਹੀਆਂ ਹਨ। ਨਵੀਂ ਨੀਤੀ ਇਸ ਨੂੰ ਘਟਾਉਣ ਵੱਲ ਕਾਰਜ ਕਰ ਰਹੀ ਹੈ। ਜਿਸ ਨੂੰ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ, ਯੂਨੀਵਰਸਿਟੀਆਂ ਨਾਲ ਸਿੱਧੀਆਂ ਮੀਟਿਗਾਂ ਕਰਕੇ ਨੇਪਰੇ ਚਾੜ੍ਹਨ ਲਈ ਯਤਨਸ਼ੀਲ ਹਨ। ਤਿੰਨਾਂ ਹੀ ਯੂਨੀਵਰਸਿਟੀਆਂ ਦਾ ਇਕੋ ਪਾਠਕ੍ਰਮ ਕਰਨਾ ਯੂਨੀਵਰਸਿਟੀਆਂ ਦੇ ਆਸ਼ਿਆਂ ਅਨੁਸਾਰ ਵਿਵਹਾਰਿਕ ਨਹੀਂ ਹੈ।

ਆਪ ਜੀ ਨੂੰ ਬੇਨਤੀ ਹੈ ਕਿ ਇਸ ਪਾਸੇ ਨਿੱਜੀ ਤੌਰ 'ਤੇ ਧਿਆਨ ਦੇ ਕੇ ਕੌਮੀ ਸਿੱਖਿਆ ਨੀਤੀ ਸੰਬੰਧੀ ਪੰਜਾਬ ਸਰਕਾਰ ਦੀ ਪਹੁੰਚ ਸਪੱਸ਼ਟ ਕੀਤੀ ਜਾਵੇ। ਇਸ ਦੇਸ਼ ਵਿੱਚ ਹੀ ਕਰਨਾਟਕ, ਕੇਰਲਾ, ਤਾਮਿਲਨਾਡੂ, ਤਿਲੰਗਾਨਾ ਅਤੇ ਬੰਗਾਲ ਅਜਿਹੇ ਸੂਬੇ ਹਨ, ਜਿਨ੍ਹਾਂ ਨੇ ਸਪੱਸ਼ਟ ਰੂਪ ਵਿੱਚ ਇਸ ਨੀਤੀ ਨੂੰ ਇੰਨ-ਬਿੰਨ ਲਾਗੂ ਕਰਨ ਤੋਂ ਨਾਂਹ ਕੀਤੀ ਹੈ। ਖੇਤਰੀ ਭਾਸ਼ਾਵਾਂ ਅਤੇ ਸੱਭਿਆਚਾਰਾਂ ਦੀ ਰਾਖੀ ਪ੍ਰਤੀ ਵਚਨਬੱਧਤਾ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਸਪੱਸ਼ਟ ਪਹੁੰਚ ਅਪਣਾ ਕੇ ਪੰਜਾਬੀ ਵਿਰੋਧੀ ਕਾਰਜ ਕਰ ਰਹੇ ਆਈ ਏ ਐੱਸ ਅਫ਼ਸਰਾਂ ਨੂੰ ਸਪੱਸ਼ਟ ਹਦਾਇਤਾਂ ਕਰੇ ਕਿ ਉਹ ਯੂਨੀਵਰਸਿਟੀਆਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਸਿੱਧਾ ਦਖ਼ਲ ਦੇ ਕੇ ਕੇਂਦਰ ਦੀਆਂ ਨੀਤੀਆਂ ਹੀ ਲਾਗੂ ਕਰਨ ਦਾ ਯਤਨ ਨਾ ਕਰਨ।

**ਧੰਨਵਾਦ ਸਾਹਿਤ**
**ਆਪ ਜੀ ਦਾ ਸ਼ੁੱਭਚਿੰਤਕ**
**ਡਾ. ਲਖਵਿੰਦਰ ਸਿੰਘ ਜੌਹਲ**
**ਪ੍ਰਧਾਨ**
**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**
**ਮੋਬਾਈਲ : 94171-94812**

# ਬਾਲ ਲੇਖਿਕਾ ਗੁਰਅਮਾਨਤ 'ਤਾਰੇ ਭਲਕ ਦੇ' ਪੁਰਸਕਾਰ ਨਾਲ ਸਨਮਾਨਤ

**ਮਾਹਿਲਪੁਰ**-ਖਾਲਸਾ ਕਾਲਜ ਮਾਹਿਲਪੁਰ ਦੀ ਐਸੋਸੀਏਟ ਪ੍ਰੋਫੈਸਰ ਡਾਕਟਰ ਬਲਵੀਰ ਕੌਰ ਰੀਹਲ ਅਤੇ ਪ੍ਰਿੰਸੀਪਲ ਕੁਲਵਿੰਦਰ ਸਿੰਘ ਦੀ ਪੁੱਤਰੀ ਬਾਲ ਲੇਖਿਕਾ ਗੁਰਅਮਾਨਤ ਕੌਰ ਨੂੰ ਬਾਲ ਪ੍ਰਤਿਭਾ ਮੰਚ ਪਟਿਆਲਾ ਵੱਲੋਂ 'ਤਾਰੇ ਭਲਕ ਦੇ' ਪੁਰਸਕਾਰ ਲਈ ਚੁਣਿਆ ਗਿਆ। ਮੰਚ ਦੇ ਸੰਚਾਲਕ ਜਸਪ੍ਰੀਤ ਸਿੰਘ ਜਗਰਾਓਂ ਅਤੇ ਸਤਪਾਲ ਭੀਖੀ ਵੱਲੋਂ ਇਹ ਸਨਮਾਨ ਬਾਲ ਸਾਹਿਤ ਲੇਖਕ ਅਤੇ 'ਨਿੱਕੀਆਂ ਕਰੂੰਬਲਾਂ' ਦੇ ਸੰਪਾਦਕ ਬਲਜਿੰਦਰ ਮਾਨ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਦੇ ਪੈਟਰਨ ਬੱਗਾ ਸਿੰਘ ਆਰਟਿਸਟ ਅਤੇ ਸੁਖਮਨ ਸਿੰਘ ਨੇ ਗੁਰਅਮਾਨਤ ਕੌਰ ਨੂੰ ਪ੍ਰਦਾਨ ਕੀਤਾ। ਇਸ ਮੌਕੇ ਸ੍ਰੀ ਮਾਨ ਨੇ ਕਿਹਾ ਕਿ ਗੁਰਅਮਾਨਤ ਨੇ ਛੋਟੀ ਉਮਰ ਵਿੱਚ ਹੀ ਕਹਾਣੀਆਂ, ਕਵਿਤਾਵਾਂ, ਪੇਂਟਿੰਗ ਅਤੇ ਹੋਰ ਕਲਾਵਾਂ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਇਹ ਪੁਰਸਕਾਰ ਪ੍ਰਾਪਤ ਕੀਤਾ ਹੈ। ਉਹ ਅੱਜ ਤੱਕ ਤਿੰਨ ਪੁਸਤਕਾਂ ਦੀ ਸਿਰਜਣਾ ਅਤੇ ਕਈ ਪੁਸਤਕਾਂ ਵਿੱਚ ਚਿੱਤਰਕਾਰੀ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਉਸ ਨੂੰ ਮਾਤਾ ਭਜਨ ਕੌਰ ਨਿੱਕੀਆਂ ਕਰੂੰਬਲਾਂ ਪੁਰਸਕਾਰ ਵੀ ਦਿੱਤਾ ਜਾ ਚੁੱਕਾ ਹੈ। ਉਹ ਕਈ ਹੋਰ ਕਲਾਤਮਿਕ ਮੁਕਾਬਲੇ ਵੀ ਜਿੱਤ ਚੁੱਕੀ

# ਹਿੰਦੀ ਦੀਆਂ ਕੁਝ ਪ੍ਰਤੀਨਿਧ ਲਘੂ ਕਥਾਵਾਂ

## ਵਿੱਚ ਬਜ਼ਾਰ

ਗਲੀ ਨੂੰ ਕੰਨੋ-ਕੰਨ ਖ਼ਬਰ ਮਿਲੀ ਕਿ ਵਿੱਦਿਆ ਦੀ ਕੁੜੀ ਲਕਸ਼ਮੀ ਕੋਬਰੇ ਡਾਂਸਰ ਬਣ ਗਈ ਹੈ। ਇਸ ਕਰਕੇ ਅਗਲੇ ਦਿਨ ਜ਼ਨਾਨੀਆਂ ਆਪਣੇ ਕੰਮ ਛੱਡ ਕੇ ਵੀ ਮਜਮਾ ਲਾ ਕੇ ਰਹਿ ਗਈਆਂ। ਇਕ ਔਰਤ ਨੇ ਇਸ ਖ਼ਬਰ ਨੂੰ ਸਾਂਝੀ ਕਰਦੇ ਹੋਏ ਕਿਹਾ, 'ਲਕਸ਼ਮੀ ਦਾ ਨਾਂਅ ਹੁਣ ਲਿਲੀ ਹੋ ਗਿਐ ਲੀ....ਲੀ।'

'ਹਾਏ ! ਨਾ ਸੰਗ ਨਾ ਸ਼ਰਮ! ਹੋਟਲ ਵਿਚ ਨੱਚਦੀ ਹੈ...ਮਰਦਾਂ ਮੂਹਰੇ।'

'ਨਾਚ ਵੀ ਕਿਹੋ ਜਿਹਾ. ਨੰਗਾ... ਕੱਪੜੇ... ਰਾਮ.. ਰਾਮ... ਰਾਮ।'

'ਕਿਵੇਂ ਗਰਦਨ ਅਕੜਾ ਕੇ ਲੰਘੀ ਸੀ ਹੁਣੇ ਗਲੀ 'ਚੋਂ, ਭੋਰਾ ਵੀ ਸ਼ਰਮ ਨ੍ਹੀਂ ਆਉਂਦੀ ਬੇਸ਼ਰਮ ਨੂੰ।'

'ਨੀਂ ਇਹ ਤਾਂ ਕੁੜੀ ਹੈ, ਨਾਸਮਝ ਹੈ। ਏਹਨੂੰ ਕੀ ਸ਼ਰਮ? ਸ਼ਰਮ ਤਾਂ ਆਉਣੀ ਚਾਹੀਦੀ ਐ ਮਰਜਾਣੀ ਵਿਦਿਆ ਨੂੰ, ਜਿਹੜਾ ਜਵਾਨ ਕੁੜੀ ਦਾ ਸੌਦਾ ਕਰ ਲਿਆ ਰਾਂਡ ਨੇ।'

'ਨੀਂ ! ਮੈਂ ਤਾਂ ਕਹਿ ਦਿੱਤਾ ਹੈ ਆਪਣੀ ਸਰੋਜ ਨੂੰ ਕਿ ਸਮਝ ਲੈ ਲਕਸ਼ਮੀ ਤੇਰੀ ਸਹੇਲੀ ਨਹੀਂ, ਦੁਸ਼ਮਣ ਸੀ ਦੁਸ਼ਮਣ।'

'ਬਿੱਟੀ ਦਾ ਬਾਪੂ ਕਹਿੰਦਾ ਸੀ ਕਿ ਅਜਿਹੇ ਲੋਕਾਂ ਦਾ ਮੁਹੱਲੇ ਵਿਚ ਰਹਿਣਾ ਖਤਰਨਾਕ ਹੈ।'

'ਅੱਗ ਲੱਗੇ ਇਸ ਵਿਦਿਆ ਨੂੰ। ਸਾਡੇ ਮੁੰਡੇ-ਕੁੜੀਆਂ 'ਤੇ ਕਿੰਨਾ ਬੁਰਾ ਅਸਰ ਪਵੇਗਾ।'

'ਇਹਨੇ ਤਾਂ...' ਇਕ ਮੂੰਹ ਫੱਟ ਔਰਤ ਕੁਝ ਕਹਿਣ ਹੀ ਵਾਲੀ ਸੀ ਕਿ ਗਲੀ ਦੇ ਸਾਹਮਣਿਓਂ ਹੀ ਵਿਦਿਆ ਆਉਂਦੀ ਦਿਖਾਈ ਦਿੱਤੀ।

ਪਤਾ ਨਹੀਂ ਕਿੰਨੇ ਸਾਲ ਹੋ ਗਏ ਵਿਧਵਾ ਵਿਦਿਆ ਨੇ ਸਵੇਰੇ-ਸ਼ਾਮ ਮੰਦਰ ਜਾਣ ਵਿਚ ਕਦੇ ਨਾਗਾ ਨਹੀਂ ਪਾਇਆ, ਕਦੇ ਆਪਣੀ ਗਰੀਬੀ ਦਾ ਰੋਣਾ ਰੋਣ ਵਿਚ ਝਿਜਕ ਨਹੀਂ ਕੀਤੀ, ਕਦੇ ਆਪਣੇ ਚਾਰ ਅਵਾਰਾ ਹੁੰਦੇ ਜਾ ਰਹੇ ਮੁੰਡਿਆਂ ਦਾ ਗੁਣਗਾਣ ਕਰਨ ਵਿਚ ਕੋਈ ਕਸਰ ਨਹੀਂ ਛੱਡੀ, ਕਦੇ ਆਪਣੀ ਕੁੜੀ ਨੂੰ ਜੀਅ ਦਾ ਜੰਜਾਲ ਦੱਸਣ ਵਿਚ ਹਿਚਕ ਨਹੀਂ ਕੀਤੀ ਅਤੇ ਕਦੇ ਉਹਨੂੰ ਕਿਸੇ ਨੇ ਮੁਸਕਰਾਉਂਦੇ ਨਹੀਂ ਦੇਖਿਆ, ਪਰੰਤੂ ਅੱਜ ਉਹਦੇ ਚਿਹਰੇ 'ਤੇ ਰੌਣਕ ਸੀ ਅਤੇ ਤੋਰ ਵਿਚ ਉਤਸ਼ਾਹ। ਔਰਤਾਂ ਮੱਲੋਮੱਲੀ ਉਹਦੀ ਨਵੀਂ ਸੱਜ-ਧਜ ਨੂੰ ਤੱਕਣ ਲੱਗੀਆਂ। ਉਸ ਮੂੰਹ ਫੱਟ ਔਰਤ ਦੇ ਦਿਲ ਵਿਚ ਭਾਵੇਂ ਕਿ ਇਕ ਹੂਕ ਜਿਹੀ ਉੱਠੀ, ਪਰ ਉਹਨੂੰ ਦਬਾਅ ਕੇ ਉਹ ਵਿਦਿਆ ਨੂੰ ਭੱਜ ਕੇ ਪਈ, 'ਕਿਉਂ ਨੀਂ, ਤੈਨੂੰ ਭੋਰਾ ਸੰਗ-ਸ਼ਰਮ ਨਾ ਆਈ, ਜਿਹੜਾ ਆਪਣੇ ਚਾਰ-ਚਾਰ ਮੁੰਡਿਆਂ ਦੇ ਹੁੰਦੇ ਹੋਏ ਵੀ ਆਪਣੀ ਕੁੜੀ ਨੂੰ ਪਰੋਸ ਦਿੱਤਾ ਹੋਟਲ ਦੀ ਥਾਲੀ ਵਿਚ?'

ਵਿਦਿਆ ਮੁਸਕਰਾ ਪਈ, ਜਿਵੇਂ ਉਹ ਔਰਤ ਬੇਵਕੂਫ ਹੋਵੇ; ਫੇਰ ਉਹ ਸਾਹ ਛੱਡ ਕੇ ਬੋਲੀ, 'ਕਾਸ਼! ਭੈਣੇ ਮੇਰੇ ਚਾਰ ਮੁੰਡੇ ਨਹੀਂ ਪੰਜੇ ਕੁੜੀਆਂ ਹੁੰਦੀਆਂ...ਹੁਣ ਤੱਕ ਘਰ-ਘਰ ਜਾ ਕੇ ਕੱਪੜੇ ਨਾ ਸਿਊਂਦੀ। ਅਰਾਮ ਨਾਲ ਰਹਿੰਦੀ।'

ਹੁਣ ਔਰਤਾਂ ਦੇ ਜ਼ਿਹਨ ਵਿਚ ਆਪੋ-ਆਪਣੇ ਮੁੰਡੇ-ਕੁੜੀਆਂ ਆ ਗਏ। ਉਹ ਇਕੱਠੀਆਂ ਹੀ ਬੋਲ ਪਈਆਂ, 'ਬੁਰਾ ਨਾ ਮੰਨੀ ਵਿਦਿਆ, ਏਹ ਤਾਂ ਐਵੇਂ ਹੀ ਕਹਿੰਦੀ ਰਹਿੰਦੀ ਐ...ਪਰ ਦਿਲ ਦੀ ਮਾੜੀ ਨਹੀਂ।'

'ਹਾਂ...ਹਾਂ।' ਮੂੰਹ ਫੱਟ ਔਰਤ ਬੋਲੀ, 'ਆ ਬੈਠ ਨਾ।'

ਵਿਦਿਆ ਠਾਠ ਨਾਲ ਬਹਿ ਗਈ। ਔਰਤਾਂ ਉਸ ਤੋਂ ਤਰ੍ਹਾਂ-ਤਰ੍ਹਾਂ ਦੀ ਜਾਣਕਾਰੀ ਲੈ ਕੇ ਆਪਣੀ ਰਾਇ ਪ੍ਰਗਟ ਕਰਨ ਲੱਗੀਆਂ ਕਿ ਲਕਸ਼ਮੀ ਨੇ ਨੱਚਣਾ ਕਦੋਂ ਸਿੱਖਿਆ? ਵਾਲ-ਵੂਲ ਕਟਾ ਕੇ ਤਾਂ ਬਹੁਤ ਸੁੰਦਰ ਲੱਗਣ ਲੱਗੀ ਹੈ ਲਕਸ਼ਮੀ। ਕੁੜੀਆਂ ਦਫਤਰਾਂ ਵਿਚ ਵੀ ਤਾਂ ਕੰਮ ਕਰਦੀਆਂ ਨੇ, ਹੋਟਲ ਵਿਚ ਕਿਹੜਾ ਜਿੰਨ ਬੈਠਿਆ ਹੈ। ਜੇ ਆਪ ਚੰਗੇ ਤਾਂ ਭਗਵਾਨ ਵੀ ਚੰਗਾ .....ਤੇਰੀ ਤਾਂ ਠਾਠ ਹੈ ਅੱਜਕੱਲ੍ਹ, ਜ਼ਰਾ ਸਾਨੂੰ ਵੀ ਤਾਂ ਦੱਸ ਨਾ...? .... ਅਤੇ ਹਾਂ, ਤੇਰੀ ਲਾਡਲੀ ਸਰੋਜ ਕਹਿ ਰਹੀ ਸੀ, ਲਕਸ਼ਮੀ ਨੂੰ ਕਹਿ ਨਾ ਮੈਨੂੰ ਵੀ ਸਿਖਾ ਦੇ ਕੈਬਰੇ...।"

ਮਰਨ ਦਾ ਸਮਾਂ / ਹਰਭਗਵਾਨ ਚਾਵਲਾ, ਸਿਰਸਾ

ਦੋਵੇਂ ਭਾਈ ਮਾਂ ਨੂੰ ਵਾਰ-ਵਾਰੀ ਇੱਕ—ਇੱਕ ਮਹੀਨੇ ਲਈ ਰੱਖਦੇ ਸਨ। ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਉਸ ਭਾਈ ਦੇ ਘਰ ਤਿਓਹਾਰ ਵਰਗਾ ਮਾਹੌਲ ਹੁੰਦਾ, ਜਿੱਥੋਂ ਮਾਂ ਨੇ ਵਿਦਾ ਹੋਣਾ ਹੁੰਦਾ। ਉਸ ਦਿਨ ਤੀਹ ਤਰੀਕ ਸੀ। ਮਾਂ ਨੇ ਅਗਲੇ ਦਿਨ ਛੋਟੇ ਦੇ ਘਰ ਰਹਿਣ ਲਈ ਜਾਣਾ ਸੀ। ਸਵੇਰੇ ਸਾਢੇ ਚਾਰ ਦੇ ਨੇੜੇ-ਤੇੜੇ ਵੱਡੇ ਦੀ ਨੀਂਦ ਖੁੱਲ੍ਹੀ। ਮਾਂ ਦੇ ਕਮਰੇ ਵਿਚੋਂ ਕੋਈ ਆਵਾਜ਼ ਜਾਂ ਕੋਈ ਹੋਰ ਹਲਚਲ ਉਹਨੂੰ ਸੁਣਾਈ ਨਹੀਂ ਦਿੱਤੀ। ਮਾਂ ਹਮੇਸ਼ਾ ਚਾਰ ਵਜੇ ਉੱਠ ਜਾਂਦੀ ਸੀ ਅਤੇ ਸਵਾ ਚਾਰ ਵਜੇ ਦੇ ਲਗਭਗ ਉਹਦੇ ਕਮਰੇ ਤੋਂ ਆਉਂਦੇ ਆਰਤੀ ਦੇ ਬੋਲਾਂ ਨਾਲ ਵਿਹੜਾ ਗੁਣਗੁਣਾਉਣ ਲਗਦਾ ਸੀ। ਉਹਨੇ ਮਾਂ ਦੇ ਕਮਰੇ ਵਿਚ ਦੇਖਿਆ। ਛੋਟੀ ਲਾਈਟ ਲੱਗੀ ਹੋਈ ਸੀ ਅਤੇ ਮਾਂ ਇਕਦਮ ਸਿੱਧੀ ਪਈ ਹੋਈ ਸੀ। ਉਹਨੂੰ ਅਣਹੋਣੀ ਦਾ ਸ਼ੱਕ ਹੋਇਆ। ਉਹਨੇ ਮਾਂ ਦੀ ਨਬਜ਼ ਦੇਖੀ, ਨੱਕ 'ਤੇ ਹਥੇਲੀ ਰੱਖੀ, ਸਿਰ ਨੂੰ ਹਿਲਾ ਕੇ ਦੇਖਿਆ। ਉਹਦਾ ਸ਼ੱਕ ਸਹੀ ਹੋਇਆ। ਉਹ ਕਮਰੇ ਤੋਂ ਬਾਹਰ ਆਇਆ ਅਤੇ ਪਤਨੀ ਤੇ ਬੇਟੇ ਨੂੰ ਜਗਾਇਆ।

ਥੋੜ੍ਹੀ ਦੇਰ ਮਗਰੋਂ ਉਹਦੀ ਕਾਰ ਛੋਟੇ ਭਾਈ ਦੇ ਘਰ ਦੇ ਮੂਹਰੇ ਖੜ੍ਹੀ ਸੀ। ਉਹਨੇ ਬੇਟੇ ਦੀ ਮਦਦ ਨਾਲ ਮਾਂ ਦੀ ਲੋਥ ਨੂੰ ਚੁੱਕਿਆ ਅਤੇ ਛੋਟੇ ਭਾਈ ਦੇ ਵਰਾਂਡੇ ਵਿਚ ਫਰਸ਼ 'ਤੇ ਰੱਖ ਦਿੱਤਾ। ਹੈਰਾਨ ਛੋਟਾ ਭਾਈ ਇਸ ਸਾਰੀ ਪ੍ਰੀਕ੍ਰਿਆ ਨੂੰ ਦੇਖਦੇ ਹੋਏ ਚੀਜ਼ਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਦੀਆਂ ਅੱਖਾਂ ਪ੍ਰਸ਼ਨ ਚਿੰਨ੍ਹ ਵਿਚ ਬਦਲ ਗਈਆਂ ਸਨ। ਉਦੋਂ ਵੱਡੇ ਭਰਾ ਨੇ ਕਿਹਾ, 'ਮਾਂ ਗੁਜ਼ਰ ਗਈ ਹੈ। ਅੱਜ ਤੋਂ ਤੇਰੀ ਵਾਰੀ ਸ਼ੁਰੂ ਹੋ ਗਈ ਹੈ, ਇਸ ਕਰਕੇ ਤੇਰੇ ਕੋਲ ਲਿਆਇਆ ਹਾਂ।'

'ਪ੍ਰੰਤੂ ਮਾਂ ਤਾਂ ਤੁਹਾਡੇ ਕੋਲ ਰਹਿੰਦੇ ਹੋਏ ਗੁਜ਼ਰੀ ਹੈ। ਮੇਰੇ ਕੋਲ ਗੁਜ਼ਰਦੀ ਤਾਂ ਅੰਤਮ ਸੰਸਕਾਰ ਦੀ ਜ਼ਿੰਮੇਵਾਰੀ ਮੇਰੀ ਹੁੰਦੀ, ਹੁਣ ਇਹ ਤੁਹਾਡੀ ਹੈ।'

'ਪਰ ਉਹ ਅੱਜ ਗੁਜ਼ਰੀ ਹੈ। ਬਾਰਾਂ ਵਜੇ ਮਗਰੋਂ ਨਵਾਂ ਦਿਨ ਸ਼ੁਰੂ ਹੋ ਜਾਂਦਾ ਹੈ, ਏਨਾ ਪਤਾ ਹੈ ਤੈਨੂੰ।'

'ਚੰਗੀ ਤਰ੍ਹਾਂ ਪਤਾ ਹੈ, ਪਰ ਹੋ ਸਕਦਾ ਹੈ ਮਾਂ ਰਾਤ ਬਾਰਾਂ ਵਜੇ ਤੋਂ ਪਹਿਲਾਂ ਗੁਜ਼ਰ ਗਈ ਹੋਵੇ, ਤੁਸੀਂ ਤਾਂ ਹੁਣ ਸੰਭਾਲਿਆ ਹੈ।'

ਹਲਚਲ ਦੇਖ ਕੁਝ ਗੁਆਂਢੀ ਘਰ ਦੇ ਵਿਹੜੇ ਵਿਚ ਆ ਗਏ ਸਨ ਅਤੇ ਭਰਾਵਾਂ ਵਿਚਕਾਰ ਹੋ ਰਹੀ ਬਹਿਸ ਨੂੰ ਸੁਣ ਰਹੇ ਸਨ। ਦੋਵੇਂ ਭਰਾ ਜ਼ੋਰ-ਜ਼ੋਰ ਨਾਲ ਬੋਲਦੇ ਹੋਏ ਇਹ ਸਾਬਤ ਕਰਨ ਦੀ ਪੁਰਜ਼ੋਰ ਕੋਸ਼ਿਸ਼ ਵਿਚ ਲੱਗੇ ਸਨ ਕਿ ਮਾਂ ਰਾਤ ਨੂੰ ਬਾਰਾਂ ਵਜੇ ਤੋਂ ਪਹਿਲਾਂ ਮਰੀ ਜਾਂ ਬਾਰਾਂ ਵਜੇ ਤੋਂ ਬਾਅਦ।

ਉਦੋਂ ਇਕ ਗੁਆਂਢੀ ਨੇ ਕਿਹਾ, 'ਤੁਸੀਂ ਆਪਣੀ ਮਾਂ ਦੇ ਮਰਨ ਦੇ ਸਮੇਂ ਦਾ ਫੈਸਲਾ ਕਰੋ। ਅਸੀਂ ਇਨ੍ਹਾਂ ਦੇ ਦਾਹ-ਸੰਸਕਾਰ ਦਾ ਪ੍ਰਬੰਧ ਕਰਦੇ ਹਾਂ।'

**- ਰਮੇਸ਼ ਬੱਤਰਾ (ਸਵ.)**

## ਵਡੱਪਣ

ਬਾਪੂ ਦੇ ਅਚਾਨਕ ਆ ਜਾਣ ਕਾਰਨ ਘਰਵਾਲੀ ਸੜ-ਭੁਜ ਗਈ, 'ਲਗਦੈ ਬੁੱਢੇ ਨੂੰ ਪੈਸਿਆਂ ਦੀ ਲੋੜ ਆ ਪਈ ਐ, ਨਹੀਂ ਤਾਂ ਕਿਹੜਾ ਆਉਣ ਵਾਲਾ ਸੀ । ਆਪਣੇ ਢਿੱਡ ਦਾ ਟੋਆ ਤਾਂ ਭਰਦਾ ਨਹੀਂ, ਘਰਦਿਆਂ ਦਾ ਖੂਹ ਕਿੱਥੋਂ ਭਰਾਂਗੇ?'

ਮੈਂ ਨਜ਼ਰਾਂ ਚੁਰਾ ਕੇ ਦੂਜੇ ਪਾਸੇ ਵੇਖਣ ਲੱਗਿਆ। ਬਾਪੂ ਨਲਕੇ ਤੋਂ ਹੱਥ-ਮੂੰਹ ਧੋ ਕੇ ਰਸਤੇ ਦੀ ਥਕਾਵਟ ਦੂਰ ਕਰ ਰਿਹਾ ਸੀ। ਇਸ ਵਾਰ ਮੇਰਾ ਹੱਥ ਕੁਝ ਜ਼ਿਆਦਾ ਹੀ ਤੰਗ ਹੋ ਗਿਆ ਸੀ। ਵੱਡੇ ਮੁੰਡੇ ਨੂੰ ਬੂਟ ਚਾਹੀਦੇ ਹਨ। ਉਹ ਸਕੂਲ ਜਾਣ ਲੱਗਿਆ ਰੋਜ਼ ਬੁੜਬੁੜ ਕਰਦਾ ਹੈ। ਘਰਵਾਲੀ ਦੇ ਇਲਾਜ ਲਈ ਪੂਰੀ ਦਵਾਈ ਨਹੀਂ ਖਰੀਦੀ ਜਾ ਸਕੀ । ਬਾਪੂ ਨੇ ਵੀ ਹੁਣੇ ਹੀ ਆਉਣਾ ਸੀ।

ਘਰ ਵਿਚ ਚੁੱਪ ਪਸਰੀ ਹੋਈ ਸੀ। ਰੋਟੀ ਖਾਣ ਮਗਰੋਂ ਬਾਪੂ ਨੇ ਮੈਨੂੰ ਕੋਲ ਬੈਠਣ ਦਾ ਇਸ਼ਾਰਾ ਕੀਤਾ। ਮੈਨੂੰ ਸ਼ੱਕ ਸੀ ਕਿ ਕੋਈ ਪੈਸਿਆਂ ਦਾ ਮਸਲਾ ਲੈ ਕੇ ਆਇਆ ਹੋਵੇਗਾ । ਬਾਪੂ ਕੁਰਸੀ 'ਤੇ ਢੋਅ ਲਾ ਕੇ ਬੈਠ ਗਿਆ, ਬਿਲਕੁਲ ਬੇਫ਼ਿਕਰ।

'ਸੁਣ,' ਕਹਿ ਕੇ ਉਸ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਿਆ। ਮੈਂ ਸਾਹ ਰੋਕ ਕੇ ਉਸ ਵੱਲ ਵੇਖਣ ਲੱਗਾ। ਨਸ-ਨਸ ਕੰਨ ਬਣ ਕੇ ਅਗਲਾ ਵਾਕ ਸੁਣਨ ਲਈ ਚੁਕੰਨੀ ਸੀ।

ਬਾਪੂ ਬੋਲਿਆ, 'ਖੇਤੀ ਦੇ ਕੰਮ ਵਿਚ ਬਿਲਕੁਲ ਵਿਹਲ ਨਹੀਂ ਮਿਲਦੀ। ਇਸ ਵੇਲੇ ਕੰਮ ਦਾ ਜ਼ੋਰ ਹੈ। ਰਾਤ ਦੀ ਗੱਡੀ 'ਤੇ ਈ ਵਾਪਸ ਜਾਵਾਂਗਾ । ਤਿੰਨ ਮਹੀਨਿਆਂ ਤੋਂ ਤੇਰੀ ਕੋਈ ਚਿੱਠੀ ਨਹੀਂ ਆਈ। ਜਦੋਂ ਤੂੰ ਪਰੇਸ਼ਾਨ ਹੁੰਨੈਂ, ਉਦੋਂ ਈ ਇੰਜ ਕਰਦੈਂ ।'

ਬਾਪੂ ਨੇ ਜੇਬ ਵਿੱਚੋਂ ਸੌ-ਸੌ ਦੇ ਦਸ ਨੋਟ ਕੱਢ ਕੇ ਮੇਰੇ ਵੱਲ ਕੀਤੇ, ' ਰੱਖ ਲੈ, ਤੇਰੇ ਕੰਮ ਆ ਜਾਣਗੇ । ਝੋਨਾ ਚੰਗਾ ਹੋ ਗਿਆ ਸੀ । ਘਰੇ ਕੋਈ ਦਿੱਕਤ ਨਹੀਂ ਹੈ । ਤੂੰ ਬੜਾ ਕਮਜ਼ੋਰ ਲੱਗ ਰਿਹੈਂ, ਚੱਜ ਨਾਲ ਖਾਇਆ ਕਰ, ਵਹੁਟੀ ਦਾ ਵੀ ਖਿਆਲ ਰੱਖ।'

ਮੈਂ ਕੁਝ ਨਾ ਬੋਲ ਸਕਿਆ । ਸ਼ਬਦ ਜਿਵੇਂ ਸੰਘ ਵਿਚ ਹੀ ਫਸ ਗਏ ਹੋਣ । ਮੈਂ ਕੁਝ ਕਹਿੰਦਾ, ਇਸ ਤੋਂ ਪਹਿਲਾਂ ਹੀ ਬਾਪੂ ਨੇ ਪਿਆਰ ਨਾਲ ਝਿੜਕਿਆ, 'ਲੈ-ਲੈ ! ਬਹੁਤ ਵੱਡਾ ਹੋ ਗਿਐਂ ਕੀ?'

'ਨਹੀਂ ਤਾਂ,' ਮੈਂ ਹੱਥ ਵਧਾਇਆ । ਬਾਪੂ ਨੇ ਰੁਪਏ ਮੇਰੀ ਹਥੇਲੀ ਉੱਤੇ ਰੱਖ ਦਿੱਤੇ। ਵਰ੍ਹਿਆਂ ਪਹਿਲਾਂ ਬਾਪੂ ਮੈਨੂੰ ਸਕੂਲ ਭੇਜਣ ਲਈ ਇਸੇ ਤਰ੍ਹਾਂ ਹਥੇਲੀ ਉੱਤੇ ਧੇਲੀ ਰੱਖ ਦਿਆ ਕਰਦਾ ਸੀ, ਪਰ ਉਸ ਵੇਲੇ ਮੇਰੀਆਂ ਨਜ਼ਰਾਂ ਅੱਜ ਵਾਂਗ ਨੀਵੀਆਂ ਨਹੀਂ ਹੁੰਦੀਆਂ ਸਨ।

**-ਰਾਮੇਸ਼ਵਰ ਕੰਬੋਜ ਹਿਮਾਂਸ਼ੂ, ਦਿੱਲੀ**

## ਪਾਣੀ

ਮੇਰੀ ਮਾਂ ਪਾਣੀ ਭਰਨ ਲਈ ਹੀ ਵਿਆਹ ਕੇ ਲਿਆਂਦੀ ਗਈ ਸੀ। ਰਾਜਸਥਾਨ ਦੇ ਪਿੰਡਾਂ ਵਿਚ ਜੋ ਵਿਅਕਤੀ ਥੋੜ੍ਹਾ ਖਰਚ ਉਠਾ ਸਕਦਾ ਹੈ, ਉਹ ਦੋ ਵਿਆਹ ਕਰਾ ਲੈਂਦਾ ਹੈ। ਇਕ ਪਤਨੀ ਚੰਗੇ ਪਰਵਾਰ ਤੋਂ, ਘਰ ਵਿਚ ਰਾਜ ਕਰਨ ਲਈ, ਦੂਜੀ ਪਤਨੀ ਗਰੀਬ ਪਰਵਾਰ ਤੋਂ ਪਾਣੀ ਭਰਨ ਲਈ। ਅਜਿਹਾ ਕਰਨਾ ਨੌਕਰ ਰੱਖਣ ਤੋਂ ਸਸਤਾ ਜੋ ਪੈਂਦਾ ਸੀ। ਮਾਂ ਸਵੇਰੇ ਤਿੰਨ ਵਜੇ ਉੱਠਦੀ, ਕੋਹਾਂ ਦੂਰ ਤੋਂ ਪਾਣੀ ਲਿਆਉਂਦੀ ਤੇ ਫਿਰ ਦਿਨ ਭਰ ਘਰ ਦੇ ਕੰਮਾਂ ਵਿਚ ਲੱਗੀ ਰਹਿੰਦੀ।

ਮਾਂ ਦੇ ਸੁਬ੍ਹਾ ਹਨੇਰੇ ਉੱਠ ਜਾਣ ਕਾਰਨ ਮੈਂ ਵੀ ਛੇਤੀ ਉੱਠ ਜਾਂਦਾ ਸੀ। ਤਦੇ ਮਿਹਨਤ ਕਰਕੇ ਮੈਂ ਪੜ੍ਹ-ਲਿਖ ਗਿਆ। ਕਾਰ ਚਲਾਉਂਦਿਆਂ ਵਾਰ-ਵਾਰ ਮਾਂ ਦੀ ਗੱਲ ਯਾਦ ਆ ਰਹੀ ਸੀ, 'ਬੇਟੇ, ਮਨ ਲਾ ਕੇ ਪੜ੍ਹ ਲੈ, ਪੜ੍ਹਾਈ ਹੀ ਤੇਰੇ ਕੰਮ ਆਊਗੀ।'

ਦੋ ਸਾਲ ਬਾਅਦ ਪਿੰਡ ਜਾ ਰਿਹਾ ਹਾਂ, ਮਾਂ ਨੂੰ ਲਿਆਉਣ ਵਾਸਤੇ। ਹੁਣ ਮਾਂ ਸ਼ਹਿਰ ਵਿਚ ਮੇਰੇ ਨਾਲ ਹੀ ਰਹੇਗੀ। ਸਵੇਰੇ ਚਾਰ ਵਜੇ ਪਿੰਡ ਪਹੁੰਚਿਆ। ਮਾਂ ਘਰ ਨਹੀਂ ਮਿਲੀ। ਧਿਆਨ ਆਇਆ, ਉਹ ਤਾਂ ਪਾਣੀ ਲੈਣ ਗਈ ਹੋਵੇਗੀ। ਹੱਡੀਆਂ ਜਮਾ ਦੇਣ ਵਾਲੀ ਠੰਢ ਸੀ। ਸਰਦ ਹਨੇਰੇ ਵਿਚ ਮੈਂ ਕਾਰ ਪਾਣੀ ਵਾਲੇ ਰਾਹ ਉੱਤੇ ਭਜਾ ਲਈ। ਪਿਛਲੇ ਪੱਚੀਆਂ ਵਰ੍ਹਿਆਂ ਤੋਂ ਮਾਂ ਕਿੰਨਾ ਔਖਾ ਜੀਵਨ ਜਿਉ ਰਹੀ ਹੈ। ਸੋਚ ਲਿਆ ਸੀ, ਅੱਜ ਤੋਂ ਬਾਅਦ ਮਾਂ ਕਦੇ ਵੀ ਇਸ ਸੁੰਨੇ ਰਾਹ ਤੋਂ ਪਾਣੀ ਲੈਣ ਲਈ ਨਹੀਂ ਜਾਵੇਗੀ।

ਮੈਨੂੰ ਦੇਖ ਕੇ ਮਾਂ ਨੇ ਮੈਨੂੰ ਛਾਤੀ ਨਾਲ ਲਾ ਲਿਆ। ਬੋਲੀ 'ਇੱਥੇ ਕਿਉਂ ਆਇਐਂ ਲਾਲਤਾ? ਕਿੰਨੀ ਠੰਢ ਹੈ। ਚੱਲ ਘਰ ਚੱਲ, ਮੈਂ ਪਾਣੀ ਲੈ ਕੇ ਆਉਂਦੀ ਹਾਂ।'

ਮੈਂ ਮਾਂ ਦਾ ਹੱਥ ਫੜ ਕੇ ਕਿਹਾ, 'ਮਾਂ, ਇਹ ਘੜਾ ਇੱਥੇ ਹੀ ਛੱਡ ਤੇ ਮੇਰੇ ਨਾਲ ਘਰ ਚੱਲ।'

ਮਾਂ ਲਈ ਪਾਣੀ ਦਾ ਘੜਾ ਛੱਡਣਾ ਕਿਸੇ ਅਚਰਜ ਤੋਂ ਘੱਟ ਨਹੀਂ ਸੀ, ਉਹ ਬੋਲੀ, 'ਬੇਟੇ, ਫੇਰ ਸਾਰਾ ਦਿਨ।'

ਮੈਂ ਮਾਂ ਨੂੰ ਵਿਚਕਾਰ ਹੀ ਟੋਕਦਿਆਂ ਕਿਹਾ, 'ਉਹਨਾਂ ਨੂੰ ਇਕ ਦਿਨ ਬਿਨਾਂ ਪਾਣੀ ਦੇ ਵੀ ਰਹਿਣ ਦੇ ਮਾਂ!'

ਵਿਧਵਾ ਮਾਂ ਨੂੰ ਆਪਣੇ ਨਾਲ ਲੈ ਕੇ ਸ਼ਹਿਰ ਆ ਗਿਆ। ਸੁਸਾਇਟੀ ਵਿਚ ਮੇਰਾ ਫਲੈਟ ਸੀ, ਸਾਰੀਆਂ ਸਹੂਲਤਾਂ ਵਾਲਾ। ਸ਼ਾਮੀਂ ਮਾਂ ਨੂੰ ਆਪਣੇ ਨਾਲ ਸਵਿਮਿੰਗ ਪੂਲ ਲੈ ਗਿਆ। ਉੱਥੇ ਮਾਂ ਉਦਾਸ ਹੋ ਗਈ। ਲੋਕਾਂ ਨੂੰ ਤੈਰਦਾ ਦੇਖ ਉਹ ਰੋਣ ਲੱਗ ਪਈ। ਘਰ ਪਹੁੰਚ ਕੇ ਮੈਂ ਮਾਂ ਨੂੰ ਪੁੱਛਿਆ, 'ਕੀ ਗੱਲ ਮਾਂ, ਤੂੰ ਉਦਾਸ ਕਿਉਂ ਹੋਗੀ?'

ਮਾਂ ਨੇ ਦਰਦ ਭਰੀ ਆਵਾਜ਼ ਵਿਚ ਕਿਹਾ, 'ਜਿਸ ਚਾਰ ਘੜੇ ਪਾਣੀ ਨੇ ਪੂਰੀ ਜ਼ਿੰਦਗੀ ਦਾ ਸੁੱਖ ਖੋਹ ਲਿਆ, ਉਸ ਪਾਣੀ ਦਾ ਇਹ ਹਾਲ।'

**- ਸੀਮਾ ਜੈਨ, ਗਵਾਲੀਅਰ**

## ਗਹਿਣੇ ਪਿਆ ਆਦਮੀ

ਕਾਊਂਟਰ 'ਤੇ ਬੈਠੀ ਕੁੜੀ ਨੇ ਜਦੋਂ ਉਸ ਦੇ ਪੈਸੇ ਜਮ੍ਹਾਂ ਕਰਕੇ ਕਿਹਾ ਕਿ 'ਅੱਜ ਉਹਦੀ ਆਖਰੀ ਕਿਸ਼ਤ ਜਮ੍ਹਾਂ ਹੋ ਗਈ ਹੈ' ਤਾਂ ਉਹਨੇ ਚੈਨ ਦਾ ਇੱਕ ਲੰਮਾ ਸਾਹ ਲਿਆ। ਦਰਅਸਲ ਉਹ ਪਿਛਲੇ ਪੱਚੀ ਮਹੀਨਿਆਂ ਤੋਂ ਇੱਕ ਵੱਡੇ ਬੋਝ ਹੇਠ ਜ਼ਿੰਦਗੀ ਬਸਰ ਕਰ ਰਿਹਾ ਸੀ। ਛੋਟੀ ਕੁੜੀ ਦੇ ਵਿਆਹ ਵਿਚ ਉਹਨੇ ਜਵਾਈ ਨੂੰ ਸੋਨੇ ਦੀ ਚੈਨ ਪਾਈ ਸੀ। ਇਹ ਦੇਖ ਕੇ ਵੱਡੀ ਕੁੜੀ ਨੇ ਜ਼ਿੱਦ ਕੀਤੀ ਕਿ ਸਾਨੂੰ ਤਾਂ ਪਾਈ ਨਹੀਂ।

ਉਹਨੇ ਕੁੜੀ ਦੀ ਭਾਵਨਾ ਨੂੰ ਸਮਝਿਆ ਅਤੇ ਕੁਝ ਸਮੇਂ ਮਗਰੋਂ ਜਦੋਂ ਵੱਡੀ ਕੁੜੀ ਦੇ ਮੁੰਡਾ ਪੈਦਾ ਹੋਇਆ ਤਾਂ ਉਹਨੇ ਗੁਜਾਇਸ਼ ਨਾ ਹੁੰਦਿਆਂ ਵੀ ਇੱਕ ਸੁਨਿਆਰ ਤੋਂ ਪੰਜ ਹਜ਼ਾਰ ਰੁਪਏ ਦੀ ਮਹੀਨਾਵਾਰ ਕਿਸ਼ਤ 'ਤੇ ਇੱਕ ਚੈਨ ਖਰੀਦ ਲਈ। ਇਸ ਰਕਮ ਨੂੰ ਪੱਚੀ ਮਹੀਨਿਆਂ ਵਿਚ ਹੁਣ ਜਾ ਕੇ ਕਿਤੇ ਲਾਹ ਸਕਿਆ ਸੀ। 

26-Nov-Sunday.qxd 11/25/2023 10:38 PM Page 2



# ਮੈਂ ਪੰਜਾਬੀਆਂ ਦੀ ਸਮੁੱਚੀ ਜੀਵਨ ਧੜਕਣ ਨੂੰ ਆਪਣੀਆਂ ਕਹਾਣੀਆਂ 'ਚ ਸਮਾਉਣਾ ਚਾਹੁੰਨਾ

# ਸੁਖਪਾਲ ਸਿੰਘ ਥਿੰਦ

ਖੈੜਾਂ-2

ਮੁਲਾਕਾਤੀ : ਡਾ. ਬਲਵਿੰਦਰ ਸਿੰਘ ਥਿੰਦ

ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਨੂੰ ਜਲੰਧਰ ਵਿਖੇ ਸੰਬੋਧਨ ਕਰਦੇ ਹੋਏ।

**? ਬਿਲਕੁਲ ਸਿਰਜਣਾ ਚਾਹੀਦਾ ਹੈ। ਚੱਲੋ ਹੁਣ ਆਪਾਂ ਤੁਹਾਡੀ ਗਲਪ ਸਿਰਜਣਾ ਵੱਲ ਪਰਤਦੇ ਹਾਂ। ਇਹ ਦੱਸੋ ਕਿ ਤੁਸੀਂ ਆਪਣੀਆਂ ਕਹਾਣੀਆਂ ਦੀ ਰਚਨਾ ਸਮਗਰੀ ਨੂੰ ਕਿਵੇਂ ਚੁਣਦੇ ਹੋ ਅਤੇ ਇਸ ਚੁਣੀ ਸਮਗਰੀ ਨੂੰ ਫਿਰ ਗਲਪੀ ਸੰਗਠਨ ਵਿੱਚ ਕਿਵੇਂ ਢਾਲਦੇ ਹੋ।**

—ਆਪਣੀਆਂ ਹੁਣ ਤੱਕ ਦੀਆਂ ਕਹਾਣੀਆਂ ਦੇ ਸੰਬੰਧ ਵਿੱਚ ਮੈਂ ਇਹ ਗੱਲ ਪੂਰੀ ਦ੍ਰਿੜ੍ਹਤਾ ਨਾਲ ਕਹਿ ਸਕਦਾ ਹਾਂ ਕਿ ਇਹ ਕਹਾਣੀਆਂ ਪੰਜਾਬ ਦੀ ਧਰਤੀ ਦੀ ਉਪਜ ਹਨ। ਇਸ ਭੂ-ਖੰਡ ਵਿੱਚ ਜਿਹੋ ਜਿਹਾ ਬੰਦਾ ਰਹਿ ਰਿਹਾ ਹੈ, ਸ਼ਾਸਕਰ ਮੱਧ ਵਰਗੀ ਬੰਦਾ, ਜਿਸ ਤਰ੍ਹਾਂ ਦੀ ਉਸ ਦੀ ਜੀਵਨ ਤੋਰ ਹੈ, ਮੇਰੀਆਂ ਕਹਾਣੀਆਂ ਉਸ ਬੰਦੇ ਦੇ ਅੰਦਰਲੇ ਮਰ੍ਹਮ ਨੂੰ ਪਕੜਣ ਲਈ ਯਤਨਸ਼ੀਲ ਹਨ। ਇਸ ਬੰਦੇ ਦੇ ਆਪਣੇ ਸੁੱਖ-ਦੁੱਖ, ਹਾਸੇ-ਰੋਣੇ, ਬਹਾਦਰੀਆਂ-ਕਮਜ਼ੋਰੀਆਂ ਅਤੇ ਉਚਾਣਾਂ-ਨਿਵਾਣਾਂ ਹਨ। ਇਹ ਬੰਦਾ ਦੁਨੀਆ ਭਰ ਦੇ ਬੰਦਿਆਂ ਨਾਲ ਬਹੁਤ ਗੱਲਾਂ ਵਿੱਚ ਰਲਦਾ ਵੀ ਹੈ ਤੇ ਬਹੁਤ ਗੱਲਾਂ ਵਿੱਚ ਵੱਖਰਾ ਵੀ ਹੈ। ਮੇਰੀ ਕੋਸ਼ਿਸ਼ ਹੈ ਕਿ ਮੈਂ ਪੰਜਾਬੀ ਜੀਵਨ ਤੋਰ ਨੂੰ ਇਸ ਦੇ ਅਸਲ ਰੰਗਾਂ ਵਿੱਚ ਚਿਤਰਦਿਆਂ ਇਥੋਂ ਦੇ ਵੱਖਰੇ, ਨਿਆਰੇਪਣ ਨੂੰ ਫੜ ਕੇ ਆਪਣੀਆਂ ਕਹਾਣੀਆਂ ਵਿੱਚ ਢਾਲ ਸਕਾਂ। ਇਸ ਗੱਲ ਵਿੱਚ ਕਿੰਨੀ ਕੁ ਸਫ਼ਲਤਾ ਮਿਲੀ ਹੈ, ਇਹ ਵੇਖਣਾ ਵਿਦਵਾਨਾਂ ਦਾ ਕੰਮ ਹੈ। ਪੰਜਾਬੀ ਬੰਦੇ ਅਤੇ ਇਸ ਦੀ ਜ਼ਿੰਦਗੀ ਦੀ ਕਿਸੇ ਕਾਂਤਰ ਨੂੰ ਸਿਰਜਦਿਆਂ ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਮੈਂ ਇਸ ਨੂੰ ਸਾਰੇ ਕੋਣਾਂ ਤੋਂ ਵੇਖ ਸਿਰਜ ਸਕਾਂ। ਅਜਿਹਾ ਕਰਦਿਆਂ ਸੁਭਾਵਿਕ ਹੀ ਮੇਰੀਆਂ ਕਹਾਣੀਆਂ ਵੱਡੇ ਕੈਨਵਸ ਦੀਆਂ ਕਹਾਣੀਆਂ ਬਣ ਜਾਂਦੀਆਂ ਹਨ। ਇਹ ਕੈਨਵਸ ਸਿਰਜਣ ਪ੍ਰਕਿਰਿਆ ਵਿੱਚ ਢਲੇ ਸੰਸਾਰ ਦੀਆਂ ਆਪਸ ਵਿੱਚ ਸੰਬੰਧਤ ਪਰਤਾਂ ਨੂੰ ਇੱਕ ਥਾਂ ਜੋੜਨ-ਬੀੜਨ ਕਰਕੇ ਵਿਦਵਾਨਾਂ ਦੀ ਭਾਸ਼ਾ ਵਿੱਚ 'ਬਹੁਪਰਤੀ' ਹ�ो ਜਾਂਦਾ ਹੈ। ਇਸੇ ਕਾਰਨ ਕਈ ਵਾਰ ਵਿਦਵਾਨ ਮੇਰੀਆਂ ਕਹਾਣੀਆਂ ਪੜ੍ਹ ਕੇ ਕਹਿ ਦਿੰਦੇ ਹਨ, 'ਇਹ ਕਹਾਣੀਆਂ, ਕਹਾਣੀ ਦੇ ਕੈਨਵਸ 'ਤੇ ਨਾਵਲ ਦੀ ਸਮਗਰੀ ਚੁੱਕੀ ਫਿਰਦੀਆਂ ਹਨ।' ਸ਼ਾਇਦ ਇਹੀ ਕਾਰਨ ਹੋਵੇ ਕਿ ਇਨ੍ਹਾਂ ਕਹਾਣੀਆਂ ਨੂੰ ਵੱਡੀ ਪਾਠਕ ਪ੍ਰਵਾਨਗੀ ਮਿਲੀ ਹੈ। ਮੈਨੂੰ ਵੀ ਜਾਪਦਾ ਹੈ ਕਿ ਜੇ ਇਨ੍ਹਾਂ ਕਹਾਣੀਆਂ ਅੰਦਰ ਐਨਾ ਭਾਰ ਚੁੱਕ ਕੇ ਅੱਗੇ ਤੁਰਨ ਦੀ ਤਾਕਤ ਨਾ ਹੁੰਦੀ ਤਾਂ ਇਹ ਆਪਣੇ ਹੀ ਭਾਰ ਥੱਲੇ ਦੱਬ ਕੇ ਖਤਮ ਹੋ ਜਾਣੀਆਂ ਸਨ। ਅੱਗੋਂ ਮੇਰੀਆਂ ਕਹਾਣੀਆਂ ਦੀ ਰਚਨਾ ਸਮਗਰੀ ਜਿਸ ਤਰ੍ਹਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਤਾਂ ਵਿੱਚੋਂ ਉਗਮਦੀ ਹੈ, ਉਸ ਨੂੰ ਲੈ ਕੇ ਪਾਠਕ ਨੂੰ 20-25 ਸਫ਼ਿਆਂ 'ਤੇ ਫੈਲੀ ਰਚਨਾ ਪੜ੍ਹਾਉਣੀ ਇਸ ਤੇਜ਼ ਰਫਤਾਰ ਯੁੱਗ ਵਿੱਚ ਇੱਕ ਹੋਰ ਵੱਡੀ ਚੁਣੌਤੀ ਹੈ। ਕਾਮੁਕਤਾ ਦੀ ਚਾਸ਼ਣੀ ਵਿੱਚ ਲਪੇਟੀਆਂ ਰਚਨਾਵਾਂ ਨੂੰ ਪੜ੍ਹਨ ਗਿੱਝੇ ਪਾਠਕ ਨੂੰ ਇਹੋ ਜਿਹੀਆਂ ਰਚਨਾਵਾਂ ਪੜ੍ਹਨ ਲਾਉਣਾ ਆਪਣੇ ਆਪ ਵਿੱਚ ਇੱਕ ਵੱਖਰੀ ਚੁਣੌਤੀ ਹੋ ਨਿੱਬੜਦਾ ਹੈ। ਇੱਕ ਗੱਲ ਜ਼ਰੂਰ ਤਸੱਲੀ ਦੇਣ ਵਾਲੀ ਹੈ ਕਿ ਮੇਰੀਆਂ ਕਹਾਣੀਆਂ ਹੁਣ ਤੱਕ ਇਸ ਚੁਣੌਤੀ ਨੂੰ ਸਫ਼ਲਤਾ ਨਾਲ ਨਜਿੱਠ ਸਕੀਆਂ ਹਨ।

ਆਪਣੀਆਂ ਕਹਾਣੀਆਂ ਨੂੰ ਸਮੁੱਚ ਵਿੱਚ ਵੇਖਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਇਹ ਕਹਾਣੀਆਂ ਪੰਜਾਬ ਦੀ ਧਰਤੀ 'ਤੇ ਵਾਪਰੇ ਬੀਤੇ 50 ਕੁ ਵਰ੍ਹਿਆਂ ਦੇ ਜੀਵਨ ਦੀ ਤੋਰ ਨੂੰ ਪਕੜਣ ਲਈ ਵਧੇਰੇ ਅਹੁਲਦੀਆਂ ਹਨ। ਸ਼ਾਇਦ ਇਸ ਦਾ ਵੱਡਾ ਕਾਰਨ ਇਹ ਹੋਵੇ ਕਿ ਇਨ੍ਹਾਂ 50 ਵਰ੍ਹਿਆਂ ਦਾ ਮੈਂ ਚਸ਼ਮਦੀਦ ਗਵਾਹ ਹਾਂ। ਇਨ੍ਹਾਂ 50 ਸਾਲਾਂ ਵਿੱਚ ਪੰਜਾਬ ਦੀ ਧਰਤ ਬੁਰੀ ਤਰ੍ਹਾਂ ਲਹੂ-ਲੁਹਾਣ ਹੋਈ ਹੈ। ਫਿਰਕੂ ਨਫਰਤ ਦੀਆਂ ਹਨੇਰੀਆਂ ਵਗਦੀਆਂ ਤੇ ਦਹਿਸ਼ਤਗਰਦੀ ਦੇ ਝੱਖੜ ਝੁੱਲਣ ਵਾਲੇ ਮੰਜ਼ਰ ਅਸਾਂ ਅੱਖੀਂ ਡਿੱਠੇ ਹਨ। ਸਦੀਆਂ ਤੋਂ ਜਾਤੀ ਅਤੇ ਜਮਾਤੀ ਤੌਰ 'ਤੇ ਦੱਬੇ-ਕੁਚਲੇ ਲੋਕਾਂ ਵਿੱਚ ਨਵੇ ਯੁੱਗ ਦੀ ਨਵੀਂ ਚੇਤਨਾ ਅਤੇ ਇਸ ਨਾਲ ਪੈਦਾ ਹੋਣ ਵਾਲੇ ਟਕਰਾਵਾਂ ਦੀਆਂ 'ਹੋਣੀਆਂ' ਸਾਡੇ ਆਸ-ਪਾਸ ਵਾਪਰਦੀਆਂ ਰਹੀਆਂ ਹਨ। ਇਨ੍ਹਾਂ ਸਮਿਆਂ ਵਿੱਚ ਹੀ ਔਰਤ ਦੀ ਸੋਚ ਵਿੱਚ ਵਾਪਰ ਰਹੀਆਂ ਵੱਡੀਆਂ ਤਬਦੀਲੀਆਂ ਦੀ ਟਣਕ ਹਰ ਪਾਸੇ ਮਹਿਸੂਸ ਕੀਤੀ ਗਈ ਹੈ। ਰਾਜਨੀਤਕ ਪਾਰਟੀਆਂ ਦੇ ਝੂਠੇ ਲਾਰਿਆਂ ਵਿੱਚ ਨਿਰਾਸ਼ ਹੁੰਦੇ ਪੰਜਾਬੀ ਲੋਕ ਮਾਨਸ ਦੀ ਅੰਦਰਲੀ ਘੁਟਨ ਦੇ ਗੁਬਾਰ ਉੱਠਦੇ ਦਿਖੇ ਹਨ। ਇਨ੍ਹਾਂ ਗੁਬਾਰਾਂ ਤੋਂ ਮੁਕਤੀ ਪਾਉਣ ਅਤੇ ਇਸ ਧਰਤ ਨੂੰ ਅਲਵਿਦਾ ਆਖ ਪਰਾਈਆਂ ਧਰਤ 'ਤੇ ਜਾ ਵਸਣ ਲਈ ਵੱਡੀ ਤੋਂ ਵੱਡੀ ਕੀਮਤ ਤਾਰਨ ਲਈ ਤਿਆਰ ਖੜ੍ਹੇ ਪੰਜਾਬੀ ਗੱਭਰੂਆਂ/ ਮੁਟਿਆਰਾਂ ਦੀਆਂ ਭੀੜਾਂ ਸਾਡੇ ਸਮਿਆਂ ਦਾ ਕੌੜਾ ਸੱਚ ਹਨ। ਕ੍ਰਾਂਤੀ ਦਾ ਸੁਪਨਾ ਵੇਚਦੀਆਂ ਤੇ ਇਸ ਦੇ ਮੋਢਿਆਂ 'ਤੇ ਚੜ੍ਹ ਕੇ ਸੱਤਾ ਸੁੱਖ ਮਾਣਦੀਆਂ ਰਾਜਨੀਤਕ ਪਾਰਟੀਆਂ ਦੀ ਜਾਦੂਗਰੀ ਵੀ ਸਾਡੇ ਸਾਹਮਣੇ ਵਾਪਰੀ ਹੈ, ਪਰ ਇਸ ਦੇ ਨਾਲ-ਨਾਲ ਡਿੱਗੇ-ਢੱਠੇ ਪੰਜਾਬੀ ਬੰਦੇ ਅੰਦਰਲੀ ਮੁੜ ਖੜ੍ਹੇ ਹੋ ਜਾਣ ਦੀ ਤਾਕਤ ਤੇ ਵੱਡੀ ਤੋਂ ਵੱਡੀ ਧਿਰ ਦੇ ਧੱਕੇ ਅੱਗੇ ਚਟਾਨ ਵਾਂਗ ਖੜ੍ਹ ਜਾਣ ਦਾ ਕ੍ਰਿਸ਼ਮਾ ਵੀ ਸਾਡੀਆਂ ਅੱਖਾਂ ਅੱਗੇ ਹੀ ਵਾਪਰਿਆ ਹੈ। ਮੈਂ ਇਸ ਚੌਗਿਰਦੇ ਵਿੱਚ ਹੀ ਸਾਹ ਲੈਂਦਾ ਰਿਹਾਂ ਹਾਂ। ਇਹ ਸਭ ਮੇਰੇ ਅੰਦਰ ਜ਼ਰੂਰ ਕਿਣਕਾ-ਕਿਣਕਾ ਕਰਕੇ ਜਮ੍ਹਾਂ ਹੁੰਦਾ ਰਿਹਾ ਹੋਵੇਗਾ। ਇਹ ਸਭ ਮੇਰੀ ਸਿਰਜਣਾ ਨੂੰ ਊਰਜਿਤ ਕਰਦਾ ਰਿਹਾ ਹੈ। ਜਦ ਕਲਮ ਚੁੱਕਦਾ ਹਾਂ ਤਾਂ ਇਹ ਸਭ ਕਹਾਣੀਆਂ ਦੇ ਧੜਕਦੇ ਸੰਸਾਰ ਰਾਹੀਂ ਕਦੇ ਏਸ ਰੰਗ ਵਿੱਚ ਤੇ ਕਦੇ ਓਸ ਰੰਗ ਵਿੱਚ ਮੁੜ ਜੀਵਤ ਹੋ ਉੱਠਦਾ ਰਿਹਾ ਹੈ। ਮੈਂ ਤਾਂ ਕੁਝ ਵੀ ਨਹੀਂ ਕੀਤਾ, ਬੱਸ ਇਸ ਵੇਖੀ ਤੇ ਮਹਿਸੂਸੀ ਜ਼ਿੰਦਗੀ ਨੂੰ ਹੀ ਕਹਾਣੀ ਦੇ ਪਲਾਟ ਰਾਹੀਂ ਮੁੜ ਮੂਰਤਮਾਨ ਕਰਨ ਦਾ ਨਿਭਾਅ ਕੀਤਾ ਹੈ।

ਜਿੱਥੋਂ ਤੱਕ ਮੇਰੀਆਂ ਕਹਾਣੀਆਂ ਦੇ ਗਲਪੀ ਸੰਗਠਨ ਦੀ ਗੱਲ ਹੈ ਤਾਂ ਇਹ ਸਭ ਗੱਲਾਂ ਜੋ ਮੈਂ ਕਹੀਆਂ ਹਨ, ਅਚੇਤ ਹੀ ਜ਼ਰੂਰ ਕਿਤੇ ਨਾ ਕਿਤੇ ਮੇਰੀ ਸਿਰਜਣਾ ਪਿੱਛੇ ਕਾਰਜਸ਼ੀਲ ਰਹੀਆਂ ਹੋਣਗੀਆਂ, ਕਿਉਂਕਿ ਜੇ ਮੈਂ ਇਵੇਂ ਸੋਚਦਾ ਹਾਂ ਤਾਂ ਇਹ ਗੱਲ ਜ਼ਰੂਰ ਮੇਰੀ ਸਿਰਜਣਾ ਨੂੰ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਭਾਵਤ ਕਰਦੀ ਹੋਵੇਗੀ। ਬਾਕੀ ਕਿਸੇ ਗੱਲ ਨੇ ਕਿਸ ਗਲਪੀ ਸੰਗਠਨ ਵਿੱਚ ਕਿਵੇਂ ਢਲਣਾ ਹੈ, ਇਹ ਆਪਣੇ ਆਪ ਵਿੱਚ ਬਹੁਤ ਰਹੱਸਮਈ ਅਤੇ ਭੇਦਭਰੀ ਗੱਲ ਹੈ। ਮੈਨੂੰ ਨਹੀਂ ਜਾਪਦਾ ਦੁਨੀਆ ਦੇ ਕਿਸੇ ਵੀ ਲੇਖਕ ਕੋਲ ਇਸ ਗੱਲ ਦਾ ਪੂਰਾ ਤਸੱਲੀਬਖਸ਼ ਜਵਾਬ ਹੋਵੇ ਕਿ ਉਸ ਦੇ ਗਲਪ ਵਿੱਚ ਫਲਾਣੀ ਘਟਨਾ ਕਿਵੇਂ ਫਲਾਣਾ ਰੂਪ ਲੈ ਗਈ। ਹਾਂ, ਰੂਪ ਲੈ ਗਈ ਘਟਨਾ 'ਤੇ ਜ਼ਰੂਰ ਗੱਲ ਕੀਤੀ ਜਾ ਸਕਦੀ ਹੈ। ਰੂਪ ਲੈਣ ਲਈ ਲੇਖਕ ਦੀ ਸਿਰਜਣਾ ਪਿੱਛੇ ਅਣਗਿਣਤ ਕਾਰਕ ਕੰਮ ਕਰ ਰਹੇ ਹੁੰਦੇ ਹਨ। ਲੇਖਕ ਦਾ ਪਰਵਾਰਕ ਪਿਛੋਕੜ, ਉਸ ਦਾ ਭੂਗੋਲਿਕ ਖਿੱਤਾ, ਸਮਾਜਿਕ ਦਰਜੇਬੰਦੀ, ਜਾਤੀ-ਜਮਾਤੀ ਪੱਧਰ, ਆਸ-ਪਾਸ ਦਾ ਸਮਾਜਿਕ, ਇਤਿਹਾਸਕ, ਆਰਥਿਕ ਅਤੇ ਰਾਜਨੀਤਕ ਦ੍ਰਿਸ਼, ਸਿੱਖਿਆ ਢਾਚਾ, ਲਿੰਗਕ ਭਿੰਨ-ਭੇਦ ਆਦਿ ਅਜਿਹੇ ਕਾਰਕ ਹੁੰਦੇ ਹਨ, ਜਿਹੜੇ ਲੇਖਕ ਨੂੰ ਮੁੱਢਲੇ ਰੂਪ ਵਿੱਚ ਘੜ ਰਹੇ ਹੁੰਦੇ ਹਨ। ਇਸ ਸਭ ਦੇ ਬਾਵਜੂਦ ਹਰ ਬੰਦੇ ਦੀ ਕੁਦਰਤੀ ਵਿਲੱਖਣਤਾ ਕੁਦਰਤ ਦਾ ਇੱਕ ਅਜਿਹਾ ਕ੍ਰਿਸ਼ਮਾ ਹੁੰਦੀ ਹੈ, ਜਿਸ ਦੀ ਥਾਹ ਪਾ ਸਕਣਾ ਅਜੇ ਤੱਕ ਸੰਭਵ ਨਹੀਂ ਹੋ ਸਕਿਆ ਅਤੇ ਸ਼ਾਇਦ ਕਦੇ ਹੋ ਵੀ ਨਾ ਸਕੇ। ਇਸ ਵਿਲੱਖਣਤਾ ਵਿੱਚ ਹੀ ਇਸ ਸੰਸਾਰ ਦੀ ਖੂਬਸੂਰਤੀ ਦਾ ਰੁਮਾਂਚ ਛੁਪਿਆ ਹੋਇਆ ਹੈ, ਨਹੀਂ ਤਾਂ ਇਹ ਸੰਸਾਰ 'ਕਲੋਨਾ ਦੀ ਨੀਰਸ ਘਾੜਤ' ਵਿੱਚ ਤਬਦੀਲ ਹੋ ਗਿਆ ਹੁੰਦਾ।

**? ਕਹਾਣੀ ਲਈ ਚੁਣੀ ਸਮਗਰੀ ਨੂੰ ਗਲਪੀ ਢਾਂਚੇ ਵਿੱਚ ਢਾਲਣ ਦੀ ਗੱਲ ਆਪਣੀ ਕਿਸੇ ਕਹਾਣੀ ਦੇ ਹਵਾਲੇ ਨਾਲ ਸਮਝਾਓ, ਤਾਂ ਕਿ ਪਾਠਕ ਵੀ ਤੁਹਾਡੀ ਸਿਰਜਣਸ਼ੀਲਤਾ ਨੂੰ ਹੋਰ ਗਹਿਰਾਈ ਨਾਲ ਸਮਝ ਸਕਣ।**

—ਇਸ ਪ੍ਰਸ਼ਨ ਦਾ ਉੱਤਰ ਦੇਣ ਲੱਗਿਆਂ ਮੈਨੂੰ ਹਮੇਸ਼ਾ ਹੀ ਝਿਜਕ ਮਹਿਸੂਸ ਹੁੰਦੀ ਹੈ। ਅਜਿਹਾ ਕਰਨ ਨਾਲ ਮੈਨੂੰ ਮਹਿਸੂਸ ਹੁੰਦਾ ਹੈ ਕਿ ਜਿਵੇਂ ਆਪਣੇ ਬਣੇ-ਠਣੇ ਪਾਤਰਾਂ ਤੇ ਉਨ੍ਹਾਂ ਦੀ ਸੁਹੱਪਣ ਨੂੰ ਸਰੇਆਮ ਚੁਰਾਹੇ ਵਿੱਚ ਨੰਗਿਆਂ ਕਰਨ ਲੱਗ ਪਿਆ ਹੋਵਾਂ। ਮੈਨੂੰ ਜਾਪਦਾ ਹੈ ਇਸ ਨਾਲ ਕਹਾਣੀ ਤੇ ਉਸ ਦੇ ਨਾਲ ਜੁੜਿਆ 'ਤਲਿੱਸਮ' ਖਤਮ ਹੋ ਜਾਵੇਗਾ। ਅਸਲ ਵਿੱਚ ਇਸ ਤਲਿੱਸਮ ਵਿੱਚ ਹੀ ਕਹਾਣੀ ਦੀ ਜਾਨ ਪਈ ਹੁੰਦੀ ਹੈ। ਹੁਣ ਜੇ ਇਹ ਜਾਨ ਹੀ ਕੱਢਣ ਵੱਲ ਤੁਰ ਪਏ ਤਾਂ ਫਿਰ ਕਹਾਣੀ ਵਿੱਚ ਕੀ ਬਚੇਗਾ? ਇਹ ਤਾਂ ਇਵੇਂ ਹੀ ਹੈ, ਜਿਵੇਂ ਆਪਾਂ ਕਿਸੇ ਫ਼ਿਲਮ ਨੂੰ ਸ਼ੂਟਿੰਗ ਸਥਾਨ 'ਤੇ ਵੇਖਣ ਤੁਰ ਪਈਏ। ਫ਼ਿਲਮ ਦੀ ਸ਼ੂਟਿੰਗ ਨੂੰ ਵੇਖਣਾ ਦੁਨੀਆ ਦੇ ਨੀਰਸ ਕੰਮਾਂ ਵਿੱਚੋਂ ਇੱਕ ਹੈ। ਬਿਲਕੁਲ ਅਕਾਊ ਅਤੇ ਬੋਝਲ ਪਰ ਪੂਰੀ ਫ਼ਿਲਮ ਬਣ ਕੇ ਜਦੋਂ ਪਰਦੇ 'ਤੇ ਆਉਂਦੀ ਹੈ ਤਾਂ ਇਸ ਦਾ ਸਮੁੱਚਾ ਪ੍ਰਭਾਵ ਉਹ ਰੰਗ ਸਿਰਜਦਾ ਹੈ, ਜਿਸ ਦੀ ਸ਼ੂਟਿੰਗ ਵਾਲੀ ਥਾਂ 'ਤੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੁੰਦੀ। ਇਵੇਂ ਹੀ ਕਹਾਣੀ ਦੇ ਸੰਬੰਧ ਵਿੱਚ ਹੈ। ...ਚਲੋ ਫਿਰ ਵੀ ਜਿਵੇਂ ਫ਼ਿਲਮਾਂ ਵਾਲੇ ਪ੍ਰੀ ਪ੍ਰੋਡਕਸ਼ਨ ਬਾਰੇ ਕੁਝ ਗੱਲਾਂ ਕਰ ਲੈਂਦੇ ਹਨ, ਇਵੇਂ ਹੀ ਆਪਾਂ ਵੀ ਕਹਾਣੀ ਬਾਰੇ ਕੁਝ ਗੱਲਾਂ ਕਰ ਲੈਂਦੇ ਹਾਂ।

ਮੈਂ ਆਪਣੀ ਚਰਚਿਤ ਕਹਾਣੀ 'ਫੁੱਲਾਂ ਦੀ ਫ਼ਸਲ' ਦੀ ਹੀ ਗੱਲ ਕਰ ਲੈਂਦਾ ਹਾਂ। ਇਹ ਕਹਾਣੀ ਜਦ ਮੈਂ ਲਿਖੀ ਤਾਂ ਉਸ ਤੋਂ ਪਹਿਲਾਂ ਮੇਰੇ ਦੋਵੇਂ ਬੱਚੇ ਆਪਣੀ ਅਗਲੀ ਪੜ੍ਹਾਈ ਲਈ ਕੈਨੇਡਾ ਜਾ ਚੁੱਕੇ ਸਨ। ਗਿਆਂ ਨੂੰ ਵੀ ਤਿੰਨ ਸਾਲ ਦਾ ਸਮਾਂ ਹੋ ਚੁੱਕਾ ਸੀ। ਇਹ ਸਾਡਾ ਪਤੀ-ਪਤਨੀ ਦੋਹਾਂ ਦਾ ਆਪਸੀ ਸਹਿਮਤੀ ਨਾਲ ਲਿਆ ਫੈਸਲਾ ਸੀ। ਬੱਚਿਆਂ ਦੇ ਭਵਿੱਖ ਦੀ ਬਿਹਤਰੀ ਲਈ ਕਾਫੀ ਸੋਚ-ਵਿਚਾਰ ਕਰਨ ਉਪਰੰਤ ਪੂਰੀ ਤਰ੍ਹਾਂ ਸੋਚ ਸਮਝ ਕੇ ਲਿਆ ਫੈਸਲਾ। ਇਸ ਤੋਂ ਪਹਿਲਾਂ ਮੈਂ ਖੁਦ ਕੈਨੇਡਾ ਵਿੱਚ ਇਕੱਲਾ ਇੱਕ ਸਾਲ ਰਹਿ ਕੇ ਉਥੋਂ ਦੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਖੁਭ ਕੇ ਤੇ ਜ਼ਿੰਦਗੀ ਨੂੰ ਨੇੜਿਓਂ ਵੇਖ ਕੇ ਪਰਤਿਆ ਸਾਂ। ਕੈਨੇਡਾ ਵਸਣ ਦੇ ਇਰਾਦੇ ਨਾਲ ਗਿਆ ਸਾਂ, ਪਰ ਇੱਕ ਸਾਲ ਬਾਅਦ ਇਸ ਨਤੀਜੇ 'ਤੇ ਅੱਪੜਿਆ ਕਿ ਮੇਰੇ ਲਈ ਤਾਂ ਪੰਜਾਬ ਹੀ ਵਧੀਆ ਹੈ, ਪਰ ਬੱਚਿਆਂ ਨੂੰ ਸੈੱਟ ਕਰਨ ਦੇ ਸਮੇਂ ਫਿਰ ਖ਼ਿਆਲ ਨੇ ਪਲਟਾ ਖਾਧਾ ਤੇ ਉਨ੍ਹਾਂ ਨੂੰ ਕੈਨੇਡਾ ਭੇਜਣ ਦਾ ਫੈਸਲਾ ਕੀਤਾ। ਬੱਚਿਆਂ ਨੂੰ ਕੈਨੇਡਾ ਭੇਜ ਤਾਂ ਦਿੱਤਾ, ਪਰ ਪਿੱਛੇ ਬਣਾਈ ਵੱਡੀ ਸਾਰੀ ਕੋਠੀ ਵਿੱਚ ਮੈਂ ਤੇ ਮੇਰੀ ਪਤਨੀ ਇਕੱਲੇ ਰਹਿ ਗਏ। ਪਿੰਡੋਂ ਉੱਠ ਕੇ ਜਲੰਧਰ ਵਰਗੇ ਸ਼ਹਿਰ ਵਿੱਚ ਇਸ ਕੋਠੀ ਨੂੰ ਉਸਾਰਨ ਤੱਕ ਸਾਡੀ ਪਤੀ-ਪਤਨੀ ਦੀ ਵੱਡੀ ਤਾਕਤ ਤੇ ਜ਼ਿੰਦਗੀ ਲੇਖੇ ਲੱਗ ਗਈ ਸੀ। ਆਪਣੀ ਜ਼ਿੰਦਗੀ ਭਰ ਦੀ ਕੀਤੀ ਮਿਹਨਤ ਬਲਬੂਤੇ ਉੱਸਰੀ ਕੋਠੀ ਵਿੱਚ ਨਿੱਸਰਦੀ ਜ਼ਿੰਦਗੀ ਦਾ ਜਸ਼ਨ ਕੁਝ ਸਾਲ ਹੀ ਵੇਖ ਸਕੇ ਸਾਂ ਕਿ ਬੱਚਿਆਂ ਨੂੰ ਸੈੱਟ ਕਰਨ ਦੀ ਚੁਣੌਤੀ ਸਾਹਮਣੇ ਆ ਕੇ ਖੜ੍ਹ ਗਈ ਸੀ। ਬੱਚੇ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਦੇ ਜਾਣ ਬਾਅਦ ਘਰ ਵਿੱਚ ਹੌਲੀ-ਹੌਲੀ ਖਲਾਅ ਭਰਨਾ ਸ਼ੁਰੂ ਹੋ ਗਿਆ। ਚੌਗਿਰਦੇ ਤੋਂ ਤੁਰ ਕੇ ਇਹ ਖਲਾਅ ਸਾਡੇ ਅੰਦਰ ਭਰਨ ਲੱਗ ਪਿਆ। ਉੱਤੋਂ ਸਰਕਾਰੀ ਨੌਕਰੀਆਂ ਦੀਆਂ ਕੁਝ ਇਹੋ ਜਿਹੀਆਂ ਮਜਬੂਰੀਆਂ ਕਿ ਬੱਚਿਆਂ ਕੋਲ ਜਾਣ ਦਾ ਵੀ ਕੋਈ ਸਬੱਬ ਨਾ ਬਣੇ। ਓਧਰ ਬੱਚੇ ਪੜ੍ਹਾਈਆਂ ਅਤੇ ਨਵੀਂ ਧਰਤੀ 'ਤੇ ਜ਼ਿੰਦਗੀ ਦੀ ਜੱਦੋ-ਜਹਿਦ ਵਿੱਚ ਅਜਿਹੇ ਫਸੇ ਕਿ ਉਨ੍ਹਾਂ ਕੋਲ ਵੀ ਪੰਜਾਬ ਦਾ ਚੱਕਰ ਨਾ ਲੱਗ ਸਕਿਆ। ਅੰਦਰ ਦਾ ਖਲਾਅ ਨਿੱਤ ਦਿਨ ਵਧਣਾ ਸ਼ੁਰੂ ਹੋ ਗਿਆ। ਇਸ ਖਲਾਅ ਅੰਦਰ ਕਈ ਕੁਝ ਜਰਬ-ਤਕਸੀਮ ਹੋਣ ਲੱਗਾ। ਕਠੋਰ ਕੀਤੇ ਮਨ ਦੀ ਧਰਤੀ ਅੰਦਰੇ-ਅੰਦਰ ਖੁਰਨ-ਭੁਰਨ ਲੱਗ ਪਈ। ਇਨ੍ਹਾਂ ਦਿਨਾਂ ਵਿੱਚ ਹੀ ਇੱਕ ਕਵੀ ਮਿੱਤਰ ਨੇ ਆਪਣੇ ਬੇਟੇ ਨੂੰ ਦਿੱਲੀ ਏਅਰਪੋਰਟ 'ਤੇ ਕੈਨੇਡਾ ਲਈ ਜਹਾਜ਼ ਚੜ੍ਹਾ ਕੇ ਪਰਤਣ ਦੀ ਫੇਸਬੁਕ 'ਤੇ ਪੋਸਟ ਪਾਈ। ਆਪਣੇ ਬੇਟੇ ਦਾ ਨਾਂਅ ਲਿਖ ਕੇ ਉਸ ਨੇ ਕੁਝ ਇਸ ਤਰ੍ਹਾਂ ਲਿਖਿਆ ਸੀ, '...ਅੱਜ ਤੋਰ ਆਏ ਆਪਣੇ ਹੱਥੀਂ...!'

ਸ਼ਬਦਾਂ ਨੇ ਬੇਚੈਨ ਕਰ ਦਿੱਤਾ। ਇਸ ਬੇਚੈਨੀ ਨੇ ਕਈ ਦਿਨ ਘੇਰੀ ਰੱਖਿਆ। ਮਨ ਵਿੱਚ ਖ਼ਿਆਲਾਂ ਦੀ ਲੜੀ ਤੁਰਨੀ ਸ਼ੁਰੂ ਹੋ ਗਈ। ਇਸ ਨਾਲ ਸਗੋਂ ਹੋਰ ਬੇਚੈਨ ਹੋ ਗਿਆ। ਇਸ ਬੇਚੈਨੀ ਤੋਂ ਛੁਟਕਾਰਾ ਪਾਉਣ ਲਈ ਇਹ ਸਭ ਕਾਗਜ਼ 'ਤੇ ਝਰੀਟਣਾ ਸ਼ੁਰੂ ਕਰ ਦਿੱਤਾ। ਇ